# ਕੈਨੇਡਾ ਦਰਪਣ

ਮਾਰਚ 22, 1985

**March 22, 1985**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

# ਕੈਨੇਡਾ ਦਰਪਣ

(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

Second Class Mail
Reg. No. 5991

ਕੀਮਤ 30 ਸੈਂਟ

Out of Greater Vancouver Price 40¢

THE CANADA DARPAN
Punjabi Weekly Newspaper

Weekending March 22, 1985
Vol. 4 No. 11
Editor-in-chief: (Hon.) Darshan Gill
Mailing Address:
P.O. Box 67344 Stn. 'O', Vancouver, B.C. V5W 3T1
Phone: 321-6360

# ਬਿਦੇਸ਼ੀ ਅਤਿਵਾਦੀਆਂ ਦੀਆਂ ਜਾਇਦਾਦਾਂ ਜ਼ਬਤ ਲਈ ਕਾਨੂੰਨ ?

ਨਵੀਂ ਦਿਲੀ: ਭਾਰਤ ਦੇ ਗ੍ਰਹਿ ਮੰਤਰੀ ਐਸ. ਬੀ. ਚਵਾਨ ਨੇ ਅਕਾਲੀ ਲੀਡਰਾਂ ਦੀ ਰਿਹਾਈ ਦੇ ਐਲਾਨ ਕਰਨ ਸਮੇਂ ਪੱਤਰਕਾਰਾਂ ਨੂੰ ਦੱਸਿਆ ਕਿ ਸਰਕਾਰ ਪਾਰਲੀਮੈਂਟ ਵਿਚ ਅਜਿਹਾ ਬਿੱਲ ਲਿਆ ਰਹੀਂ ਹੈ ਜਿਸ ਨਾਲ ਬਦੇਸ਼ਾਂ ਵਿਚ ਅਤਿਵਾਦੀ ਅਤੇ ਵੱਖਵਾਦੀ ਕਾਰਵਾਈਆਂ ਵਿਚ ਰੁਝੇ ਹੋਏ ਭਾਰਤੀ ਮੂਲ ਦੇ ਲੋਕਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾ ਸਕਣ।

ਗ੍ਰਹਿ ਮੰਤਰੀ ਨੇ ਆਪਣੇ ਬਿਆਨ ਵਿਚ ਕਿਹਾ ਕਿ ਇਸ ਕਾਨੂੰਨ ਨੂੰ 11 ਮਾਰਚ, 1985 ਤੋਂ ਹੀਂ ਲਾਗੂ ਕੀਤਾ ਜਾਵੇਗਾ। ਗ੍ਰਹਿ ਮੰਤਰੀ ਅਨੁਸਾਰ ਸਰਕਾਰ ਅਤਿਵਾਦੀਆਂ ਕਾਰਵਾਈਆਂ ਨਾਲ ਸਖਤੀ ਨਾਲ ਨਜਿਠੇਗੀ। ਹਰ ਕਿਸਮ ਦੀ ਅਤਿਵਾਦੀ ਦੇਸ਼-ਵਿਰੋਧੀ ਅਤੇ ਗੈਰ-ਸਮਾਜੀ ਕਾਰਵਾਈ ਨਾਲ ਸਖਤੀ ਨਾਲ ਨਿਪਟਿਆ ਜਾਵੇਗਾ।

ਬਿਆਨ ਵਿਚ ਕਿਹਾ ਗਿਆ ਹੈ ਕਿ ਜਿਨ੍ਹਾਂ ਲੋਕਾਂ ਦੀਆਂ ਜਾਇਦਾਦਾਂ ਭਾਰਤ ਵਿਚ ਹਨ ਪਰ ਬਦੇਸ਼ਾਂ ਵਿਚ ਉਹ ਭਾਰਤ-ਵਿਰੋਧੀ ਕਾਰਵਾਈਆਂ ਕਰ ਰਹੇ ਹਨ ਅਤੇ ਦੇਸ਼ ਦੀ ਅਖੰਡਤਾ ਨੂੰ ਭੰਗ ਕਰਨਾ ਚਾਹੁੰਦੇ ਹਨ, ਉਨ੍ਹਾਂ ਦੀ ਜਾਇਦਾਦਾਂ ਜ਼ਬਤ ਕਰਨ ਦੀ ਵਿਵਸਥਾ ਉਸ ਨਵੇਂ ਕਾਨੂੰਨ ਵਿਚ ਹੋਵੇਗੀ।

ਇਕ ਸਵਾਲ ਦਾ ਜਵਾਬ ਦਿੰਦਿਆਂ ਗ੍ਰਹਿਮੰਤਰੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੰਜਾਬ ਦੇ ਕੁਝ ਇਲਾਕਿਆਂ ਵਿਚੋਂ ਫੌਜ ਪਹਿਲਾਂ ਹੀ ਹਟਾ ਲਈ ਗਈ ਹੈ ਪਰ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਮੁੱਖ ਰੱਖਦਿਆਂ ਕੁਝ ਇਲਾਕਿਆਂ ਵਿਚ ਫੌਜ ਪੂਰੀ ਤਰ੍ਹਾਂ ਉਸ ਸਮੇਂ ਹਟਾਈ ਜਾਵੇਗੀ ਜਦ ਹਾਲਾਤ ਨਾਰਮਲ ਹੋ ਜਾਣ।

## ਅਜੀਤ ਸਿੰਘ ਡਮਰੀ ਉਤੇ ਹਮਲਾ ਕਰਨ ਵਾਲਿਆਂ ਦੀ ਸ਼ਨਾਖਤ

ਵੈਨਕੂਵਰ: ਪਿਛਲੇ ਦਿਨੀਂ ਗੁਰਦੁਆਰਾ ਨੀਊ ਵੈਸਟ ਵਿਚ ਲੰਗਰ ਛਕ ਰਹੇ ਅਜੀਤ ਸਿੰਘ ਡਮਰੀ ਉਤੇ ਹਮਲਾ ਕਰਨ ਵਾਲਿਆਂ ਦੀ ਸ਼ਨਾਖਤ ਹੋ ਗਈ ਹੈ। ਅਜੀਤ ਸਿੰਘ ਡਮਰੀ ਨੂੰ ਡਰਾਉਣ ਧਮਕਾਉਣ ਤੋਂ ਪਿਛੋਂ ਤਿੰਨਾਂ ਵਿਅਕਤੀਆਂ ਨੇ ਗੁਰਦੁਆਰਾ ਨੀਊਵੈਸਟ ਵਿਚ ਉਨ੍ਹਾਂ ਦੇ ਘਸੁੰਨ ਏਨੇ ਜ਼ੋਰ ਨਾਲ ਮਾਰੇ ਕਿ ਉਨ੍ਹਾਂ ਦੇ ਕੰਨ ਦੇ ਉਪਰੇਸ਼ਨ ਨੂੰ ਤਿੰਨ ਘੰਟੇ ਲੱਗੇ। ਸ੍ਰੀ ਡਮਰੀ ਵੈਨਕੂਵਰ ਸਕੂਲ ਬੋਰਡ ਵਿਚ ਜੈਨੀਟਰ ਦਾ ਕੰਮ ਕਰਦੇ ਹਨ।

ਸ੍ਰੀ ਡਮਰੀ ਅਨੁਸਾਰ ਉਨ੍ਹਾਂ ਕੇਵਲ ਇੰਨਾ ਕਿਹਾ ਸੀ ਕਿ ਬਦੇਸ਼ਾਂ ਵਿਚ ਆਪਾਂ ਬੈਠੇ ਹਾਂ। ਕਮਿਊਨਿਟੀ ਵਿਚ ਹਰ ਇਕ ਨੂੰ ਆਪਣੇ ਵਿਚਾਰ ਰੱਖਣ ਦਾ ਹੱਕ ਹੈ। ਧੱਕੇ ਨਾਲ ਕਿਸੇ ਨੂੰ ਤੁਸੀਂ ਆਪਣੇ ਵਿਚਾਰਾਂ ਨਾਲ ਸਹਿਮਤ ਨਹੀਂ ਕਰ ਸਕਦੇ। ਇਸ ਲਈ ਗਲਬਾਤ ਹੀ ਅਜਿਹਾ ਜ਼ਰੀਆ ਹੈ।

ਇਕ ਖਬਰ ਅਨੁਸਾਰ ਹਮਲਾ ਕਰਨ ਵਾਲੇ ਤਿੰਨ ਵਿਅਕਤੀ ਸਨ।

# ਸੰਤ ਲੌਂਗੋਵਾਲ ਸਮੇਤ ਅੱਠ ਅਕਾਲੀ ਲੀਡਰ ਰਿਹਾ

ਨਵੀਂ ਦਿੱਲੀ —(ਪੀ. ਟੀ. ਆਈ.) ਭਾਰਤ ਸਰਕਾਰ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਸਮੇਤ ਅੱਠ ਅਕਾਲੀ ਲੀਡਰ ਜੇਲ੍ਹਾਂ ਵਿਚੋਂ ਰਿਹਾ ਕਰ ਦਿੱਤੇ ਹਨ। ਰਿਹਾ ਹੋਣ ਵਾਲੇ ਲੀਡਰਾਂ ਵਿਚ ਜਗਦੇਵ ਸਿੰਘ ਤਲਵੰਡੀ, ਸੁਰਜੀਤ ਸਿੰਘ ਬਰਨਾਲਾ, ਆਤਮਾ ਸਿੰਘ, ਰਣਧੀਰ ਸਿੰਘ ਚੀਮਾਂ, ਉਜਾਗਰ ਸਿੰਘ ਸੇਖਵਾਂ, ਦਲੀਪ ਸਿੰਘ ਪਾਂਧੀ ਅਤੇ ਬਲਦੇਵ ਸਿੰਘ ਬਰਾੜ ਸ਼ਾਮਲ ਹਨ।

11 ਮਾਰਚ ਦੀ ਸ਼ਾਮ ਨੂੰ ਨਵੀਂ ਦਿੱਲੀ ਵਿਚ ਗ੍ਰਹਿ ਮੰਤਰੀ ਐਸ. ਬੀ. ਚਵਾਨ ਨੇ ਇਕ ਪ੍ਰੈਸ ਕਾਨਫਰੰਸ ਵਿਚ ਇਨ੍ਹਾਂ ਲੀਡਰਾਂ ਦੀ ਰਿਹਾਈ ਦਾ ਐਲਾਨ ਕੀਤਾ। ਐਲਾਨ ਤੋਂ ਪਿਛੋਂ ਉਸੇ ਰਾਤ ਇਹ ਅਕਾਲੀ ਲੀਡਰ ਜੇਲ੍ਹਾਂ ਵਿਚੋਂ ਛੱਡ ਦਿਤੇ ਗਏ। ਗ੍ਰਹਿ ਮੰਤਰੀ ਨੇ ਕਿਹਾ ਕਿ ਅਕਾਲੀ ਲੀਡਰਾਂ ਦੀ ਰਿਹਾਈ ਇਸ ਲਈ ਕੀਤੀ ਗਈ ਹੈ ਤਾਂਕਿ ਪੰਜਾਬ ਦੀ ਸਮੱਸਿਆ ਨੂੰ ਹੱਲ ਕਰਨ ਲਈ ਚੰਗਾ ਵਾਤਾਵਰਣ ਪੈਦਾ ਕੀਤਾ ਜਾ ਸਕੇ।

ਗ੍ਰਹਿ ਮੰਤਰੀ ਨੇ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਇਹ ਕਦਮ ਇਸ ਲਈ ਚੁਕਿਆ ਗਿਆ ਹੈ ਤਾਕਿ ਅਕਾਲੀ ਦਲ ਦਾ ਵਤੀਰਾ ਹਾਂ-ਪੱਖੀ ਹੋਵੇ। ਉਨ੍ਹਾਂ ਆਸ ਜ਼ਾਹਿਰ ਕੀਤੀ ਕਿ ਅਕਾਲੀ ਦਲ ਸਮੇਤ ਬਾਕੀ ਦੀਆਂ ਰਾਜਸੀ ਪਾਰਟੀਆਂ ਵੀ ਪੰਜਾਬ ਦੇ ਮਸਲੇ ਨੂੰ ਹੱਲ ਕਰਨ ਵਿਚ ਯੋਗਦਾਨ ਪਾਉਣਗੀਆਂ।

ਗ੍ਰਹਿ ਮੰਤਰੀ ਨੇ ਇਕ ਪੱਤਰਕਾਰ ਨੂੰ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਹੁਣ ਅਕਾਲੀ ਦਲ ਉਤੇ ਨਿਰਭਰ ਕਰਦਾ ਹੈ ਕਿ ਉਹ ਮਸਲੇ ਨੂੰ ਹੱਲ ਕਰਨ ਲਈ ਯੋਗ ਕਦਮ ਚੁੱਕੇ।

---

ਕਮਿਊਨਿਟੀ ਵਿਚ ਇਸ ਤਰ੍ਹਾਂ ਦੀ ਇਹ ਤੀਜੀ ਘਟਨਾ ਹੈ। ਪਹਿਲਾਂ ਪੰਜਾਬੀ ਲੇਖਕ ਗੁਰਚਰਨ ਰਾਮਪੁਰੀ ਉਤੇ ਅਜਿਹਾ ਹਮਲਾ ਕੀਤਾ ਗਿਆ ਸੀ। ਫਿਰ ਉਜੱਲ ਦੁਸਾਂਝ ਹਿੰਸਾ ਦਾ ਸ਼ਿਕਾਰ ਹੋਏ ਸਨ। ਤੇ ਹੁਣ ਅਜੀਤ ਸਿੰਘ ਡਮਰੀ ਉਤੇ ਹਮਲਾ ਕੀਤਾ ਗਿਆ ਹੈ। ਇਕ ਅਜਿਹੀ ਹਿੰਸਾਤਮਕ ਘਟਨਾ ਸਰੀ ਗੁਰੂ ਘਰ ਵਿਚ ਵੀ ਕੁਝ ਦੇਰ ਪਹਿਲਾਂ ਵਾਪਰੀ ਸੀ।

## ਵਿਰੋਧੀ ਪਾਰਟੀਆਂ ਵਲੋਂ ਰਿਹਾਈ ਦਾ ਸਵਾਗਤ

ਭਾਰਤੀ ਜਨਤਾ ਪਾਰਟੀ ਦੇ ਇਕ ਬੁਲਾਰੇ ਨੇ ਆਸ ਜ਼ਾਹਿਰ ਕੀਤੀ ਹੈ ਕਿ ਪੰਜਾਬ ਵਿਚਲੀ ਖਿਚੋਤਾਣ ਨੂੰ ਦੂਰ ਕਰਨ ਲਈ ਇਹ ਪਹਿਲਾ ਚੰਗਾ ਕਦਮ ਹੈ।

ਜਨਤਾ ਪਾਰਟੀ ਨੇ ਕੇਂਦਰ ਸਰਕਾਰ ਨੂੰ ਤੁਰੰਤ ਅਕਾਲੀ ਲੀਡਰਾਂ ਨਾਲ ਸਮਝੌਤੇ ਦੀ ਗਲਬਾਤ ਸ਼ੁਰੂ ਕਰਨ ਲਈ ਜ਼ੋਰ ਦਿੰਦਿਆਂ ਕਿਹਾ ਹੈ ਬੜੀ ਦੇਰ ਤੋਂ ਲਟਕਦੀ ਆ ਰਹੀ ਪੰਜਾਬ ਸਮੱਸਿਆ ਦਾ ਹੱਲ ਤੁਰੰਤ ਕੀਤਾ ਜਾਣਾ ਚਾਹੀਦਾ ਹੈ

ਡੀ. ਐਮ. ਕੇ. ਪੀ. ਲੀਡਰ ਐਚ. ਐਨ. ਬਹੁਗੁਣਾ ਨੇ ਵੀ ਅਕਾਲੀ ਲੀਡਰਾਂ ਨਾਲ ਗਲਬਾਤ ਸ਼ੁਰੂ ਕਰਨ ਉਤੇ ਜ਼ੋਰ ਦਿਤਾ ਹੈ।

## ਪੰਜ ਸਿੰਘ ਸਾਹਿਬਾਨਾਂ ਵਲੋਂ ਫੈਸਲੇ ਦਾ ਸਵਾਗਤ

ਪੀ. ਟੀ. ਆਈ. ਦੀ ਖਬਰ ਅਨੁਸਾਰ ਪੰਜਾਂ ਸਿੰਘ ਸਾਹਿਬਾਨਾਂ ਨੇ ਵੀ ਅਕਾਲੀ ਲੀਡਰਾਂ ਦੀ ਰਿਹਾਈ ਦਾ ਸਵਾਗਤ ਕੀਤਾ ਹੈ।

## ਬਲਵੰਤ ਸਿੰਘ ਨੇ ਚੰਗਾ ਕਦਮ ਕਿਹਾ

ਸਾਬਕਾ ਖਜ਼ਾਨਾ ਮੰਤਰੀ ਸ. ਬਲਵੰਤ ਸਿੰਘ ਨੇ ਅਕਾਲੀ ਲੀਡਰਾਂ ਦੀ ਰਿਹਾਈ ਬਾਰੇ ਫੈਸਲੇ ਨੂੰ ਚੰਗਾ ਕਦਮ ਕਿਹਾ ਹੈ।

## ਟੌਹੜਾ ਤੇ ਬਾਦਲ ਬਾਰੇ ਚਿੰਤਾ

ਰਾਜਸੀ ਹਲਕਿਆਂ ਵਿਚ ਇਸ ਗੱਲ ਉਤੇ ਹੈਰਾਨੀ ਤੇ ਚਿੰਤਾ ਪ੍ਰਗਟਾਈ ਜਾ ਰਹੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸਾਬਕ ਮੁਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੂੰ ਰਿਹਾਈ ਵਿਚ ਹਿਚਕਚਾਹਟ ਕਿਉਂ ਕੀਤੀ ਗਈ ਹੈ।

ਅਸੀਂ ਹਰ ਕਿਸਮ ਦੀ ਇਨਸ਼ੋਰੈਂਸ ਦੇ ਮਾਹਰ ਹਾਂ। ਘਰਾਂ ਦੀ, ਬਿਜ਼ਨਿਸ ਦੀ ਜਾਂ ਕੋਈ ਵੀ ਹੋਰ ਇਨਸ਼ੋਰੈਂਸ ਦੀ ਲੋੜ ਹੋਵੇ ਤਾਂ ਸਾਨੂੰ ਮਿਲੋ ਜਾਂ ਫੂਨ ਕਰੋ।
ਇਨਸ਼ੋਰੈਂਸ ਲਈ ਮਾਸਟਰ ਕਾਰਡ ਤੇ ਵੀਜਾ ਵੀ ਲੈਂਦੇ ਹਾਂ।


ਗੁਰਬੀਰ ਸਿੰਘ ਪੁਰੀ

Autoplan 1985

ਇੱਕ ਵਾਰ ਅਜਮਾ ਕੇ ਦੇਖੋ, ਤੁਸੀਂ ਵਾਰ ਵਾਰ ਪੁਰੀ ਇਨਸ਼ੋਰੈਂਸ ਦੀਆਂ ਸੇਵਾਵਾਂ ਹੀ ਪ੍ਰਾਪਤ ਕਰੋਗੇ। ਭਰੋਸੇ ਯੋਗ ਸਰਵਿਸ ਤੇ ਦੋਸਤਾਨਾ ਮਾਹੌਲ ਤੁਹਾਨੂੰ ਪੁਰੀ ਇਨਸ਼ੋਰੈਂਸ ਤੇ ਹੀ ਮਿਲ ਸਕਦਾ ਹੈ। ਪੁਰੀ ਇਨਸ਼ੋਰੈਂਸ ਨੂੰ ਸਦਾ ਯਾਦ ਰੱਖੋ।

PURI INSURANCE AGENCIES


ਅਮਰਜੀਤ ਕੌਰ ਪੁਰੀ

MasterCard

5707 Kingsway (Near Imperial) Burnaby, B.C. 430-5533

VISA

# ਕੈਨੇਡਾ ਦਰਪਣ

## ਵੈਨਕੂਵਰ ਵਿਚ ਪ੍ਰਤੀਕਰਮ
## "ਮੈਂ ਵੱਖਵਾਦੀ ਨਹੀਂ ਹਾਂ" ਮੋਤਾ ਸਿੰਘ ਝੀਤਾ

**ਵੈਨਕੂਵਰ:** 12 ਮਾਰਚ ਦੇ 'ਪ੍ਰੋਵਿੰਨਸ' ਅਖਬਾਰ ਨੂੰ ਇੰਟਰਵਿਊ ਵਿਚ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੇ ਸਾਬਕਾ ਪ੍ਰਧਾਨ ਸ: ਮੋਤਾ ਸਿੰਘ ਝੀਤਾ ਨੇ ਕਿਹਾ ਹੈ ਕਿ ਉਹ ਵੱਖਵਾਦੀ ਨਹੀਂ ਹਨ ਪਰ ਉਨ੍ਹਾਂ ਨੂੰ ਡਰ ਹੈ ਕਿ ਉਹ ਵੀ ਕੈਨੇਡੀਅਨ ਸਿੱਖਾਂ ਵਿਚੋਂ ਇਕ ਹੋ ਸਕਦੇ ਹਨ ਜਿਨ੍ਹਾਂ ਦੀ ਜਾਇਦਾਦਾਂ ਨੂੰ ਖਤਰਾ ਹੈ।

11 ਮਾਰਚ ਨੂੰ ਨਵੀਂ ਦਿਲੀ ਵਿਚ ਗ੍ਰਹਿਮੰਤਰੀ ਐਸ. ਬੀ. ਚਵਾਨ ਨੇ ਕਿਹਾ ਹੈ ਕਿ ਭਾਰਤ ਸਰਕਾਰ ਅਜਿਹਾ ਕਾਨੂੰਨ ਬਣਾ ਰਹੀ ਹੈ ਜਿਸ ਨਾਲ ਬਦੇਸ਼ਾਂ ਵਿਚ ਵਸਦੇ ਭਾਰਤੀ ਮੂਲ ਦੇ ਲੋਕ ਜੋ ਭਾਰਤ ਦੇ ਸ਼ਹਿਰੀ ਨਹੀਂ ਹਨ ਅਤੇ ਬਦੇਸ਼ਾਂ ਵਿਚ ਅਤਿਵਾਦੀ ਅਤੇ ਵੱਖਵਾਦੀ ਕਾਰਵਾਈਆਂ ਵਿਚ ਰੁਝੇ ਹੋਏ ਹਨ, ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾਣਗੀਆਂ।

## 'ਕਿਸੇ ਨੂੰ ਕੀ ਪਤਾ ਹੈ ਕਿ ਕੌਣ ਵੱਖਵਾਦੀ ਹੈ, ਕੌਣ ਨਹੀਂ ?' ਸ. ਸਿੱਧੂ

ਸ: ਮੋਤਾ ਸਿੰਘ ਝੀਤਾ, ਜਿਨ੍ਹਾਂ ਨੂੰ 60,000 ਸਿੱਖ ਕਮਿਊਨਿਟੀ ਦਾ ਬੁਲਾਰਾ ਕਿਹਾ ਗਿਆ ਹੈ, ਅੱਗੇ ਕਿਹਾ ਕਿ ਇਹ 'ਡਿਕਟੇਟਰਾਂਨਾ ਕਾਰਵਾਈ' ਹੈ।

ਰੌਸ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਜੋਗਿੰਦਰ ਸਿੰਘ ਸਿੱਧੂ ਨੇ ਕਿਹਾ 'ਇਹ ਸਿੱਖਾਂ ਨਾਲ ਹੋਰ ਬੇਇਨਸਾਫੀ ਹੈ।'

ਅਖਬਾਰ ਨੇ ਲਿਖਿਆ ਹੈ ਕਿ ਸ. ਸਿੱਧੂ ਦੀ ਪੰਜਾਬ ਵਿਚ 15 ਏਕੜ ਜ਼ਮੀਨ ਹੈ ਅਤੇ ਉਨ੍ਹਾਂ ਨੇ ਕਿਹਾ ਹੈ ਬਹੁਤੇ ਸਿੱਖ ਪੰਜਾਬ ਵਿਚ 'ਆਪਣਾ ਰਾਜ' ਚਾਹੁੰਦੇ ਹਨ ਇਸ ਲਈ 'ਬਲੈਕ ਲਿਸਟ' ਕੀਤੇ ਗਏ ਹਨ। ਸ: ਸਿੱਧੂ ਨੇ ਅਖਬਾਰ ਨੂੰ ਕਿਹਾ, "ਕਿਸੇ ਨੂੰ ਕੀ ਪਤਾ ਹੈ ਕਿ ਕੌਣ ਵੱਖਵਾਦੀ ਹੈ ਅਤੇ ਕੌਣ ਨਹੀਂ ?"

## ਸਮਾਨਤਾ ਅਤੇ ਅੰਤ੍ਰਰਾਸ਼ਟਰੀ ਨਾਰੀ ਦਿਵਸ 1985:

ਸਮਾਨਤਾ ਨੇ ਇਸ ਵਾਰ ਵੀ ਔਰਤਾਂ ਦੇ ਅੰਤ੍ਰਰਾਸ਼ਟਰੀ ਦਿਵਸ ਉੱਤੇ ਮਾਰਚ 9, ਨੂੰ ਪੈਦਲ ਜਲੂਸ ਅਤੇ ਰੈਲੀ ਵਿਚ ਹਿਸਾ ਲਿਆ ਅਤੇ ਜਾਣਕਾਰੀ ਬੂਥ ਲਾਇਆ। ਕੋਈ ਦੋ ਢਾਈ ਹਜ਼ਾਰ ਔਰਤਾਂ ਵੱਲੋਂ ਵੈਨਕੂਵਰ ਵਿਚ ਮਾਰਚ 9 ਨੂੰ ਸਵੇਰੇ ਗਿਆਰਾਂ ਵਜੇ ਜਲੂਸ ਕਢਿਆ ਗਿਆ ਜਿਹੜਾ ਵਿਕਟਰੀ ਸੁਕੇਅਰ ਤੋਂ ਸ਼ੁਰੂ ਹੋ ਕੇ ਆਰਟ ਗੈਲਰੀ ਤੱਕ ਗਿਆ ਕੋਈ ਅੱਸੀ ਜਥੇਬੰਦੀਆਂ ਦੀਆਂ ਔਰਤਾਂ ਵੱਖੋ ਵੱਖ ਤੇ ਰੰਗ ਬਰੰਗੇ ਝੰਡੇ ਚੁਕੀ ਮਾਰਚ ਕਰਦੀਆਂ ਹੋਈਆਂ ਰੈਲੀ ਵਾਲੀ ਥਾਂ ਤੇ ਗਈਆਂ ਜਿਥੇ ਵੱਖ ਵੱਖ ਜਥੇਬੰਦੀਆਂ ਦੀਆ ਪ੍ਰਤੀਨਿਧ ਔਰਤਾਂ ਨੇ ਆਪਣੇ ਹੱਕਾਂ, ਸਮੱਸਿਆਵਾਂ ਅਤੇ ਮੰਗਾਂ ਬਾਰੇ ਵਿਚਾਰ ਰਖੇ। ਸਮਾਨਤਾ ਦੀ ਅਗਜ਼ੇਕਟਿਵ ਦੀ ਮੈਂਬਰ ਕਰੁਣਾ ਅਗਰਵਾਲ ਨੇ ਰੈਲੀ ਵਿਚ ਬੋਲਦਿਆਂ ਅੰਗਰੇਜ਼ੀ ਦੂਜੀ ਭਾਸ਼ਾ ਦੇ ਤੌਰ ਤੇ ਪੜ੍ਹਾਏ ਜਾਣ ਦੇ ਬੱਜਟ ਵਿਚ ਸਰਕਾਰ ਵਲੋਂ ਕਟੌਤੀ ਕਰਨ ਦੀ ਪੁਰਜ਼ੋਰ ਸ਼ਬਦਾ ਵਿਚ ਨਿਖੇਧੀ ਕੀਤੀ।

ਮਾਰਚ 10 ਨੂੰ ਵੈਨਕੂਵਰ ਟੈਕਨੀਕਲ ਸਕੂਲ ਵਿਖੇ ਅੰਤ੍ਰਰਾਸ਼ਟਰੀ ਨਾਰੀ ਦਿਵਸ ਦੀਆਂ ਸਰਗਰਮੀਆਂ ਦੇ ਸਿਲਸਿਲੇ ਵਿਚ ਵੱਖ ਵੱਖ ਜਥੇਬੰਦੀਆਂ ਵਲੋਂ ਜਾਣਕਾਰੀ ਬੂਥ ਲਾਏ ਗਏ ਅਤੇ ਵਰਕਸ਼ਾਪਾਂ ਕੀਤੀਆ ਗਈਆਂ। ਸਮਾਨਤਾ ਦੇ ਬੂਥ ਵਿਚ ਸਮਾਨਤਾ ਦੇ ਇਤਿਹਾਸ ਦੀ ਡਾਇਰੀ, ਉਦੇਸ਼ਾਂ ਬਾਰੇ ਪੱਤਰਕਾ, ਪਿਛਲੇ ਸਾਲਾਂ ਦੀਆਂ ਨਿਊਜ਼ ਲੈਟਰਜ਼ ਤੇ ਵਰਕਸ਼ਾਪਾਂ ਲਈ ਤਿਆਰ ਕੀਤੇ ਪੇਪਰ ਰਖੇ ਗਏ। ਕਈ ਹੋਰ ਜਥੇਬੰਦੀਆਂ ਦੇ ਪ੍ਰਤੀਨਿਧਾਂ ਨਾਲ ਵਿਚਾਰ ਵਟਾਂਦਰੇ ਵਿਚ ਸਮਾਨਤਾ ਦੇ ਮੈਂਬਰਾ ਨੇ ਔਰਤਾਂ ਉਤੇ ਹੁੰਦੇ ਤਸ਼ੱਦਦ, ਅਤੇ ਉਨ੍ਹਾਂ ਔਰਤਾਂ ਨੂੰ ਕਿਵੇਂ ਸਹਾਇਤਾ ਪਹੁੰਚਾਈ ਜਾਂਦੀ ਹੈ ਬਾਰੇ ਗੱਲਬਾਤ ਕੀਤੀ। ਟ੍ਰਾਂਜੀਸ਼ਨ ਘਰਾਂ ਬਾਰੇ ਕਮਿਊਨਿਟੀ ਵਿਚ ਕਿਸ ਤਰ੍ਹਾਂ ਜਾਣਕਾਰੀ ਭੇਜੀ ਜਾਏ ਬਾਰੇ ਸੁਝਾ ਦੇਂਦਿਆਂ ਸਮਾਨਤਾ ਦੀ ਇਕ ਮੈਂਬਰ ਨੇ ਸੁਝਾ ਦਿਤਾ ਕਿ ਸਾਡੇ ਲੋਕਲ ਅਖਬਾਰਾਂ ਨਾਲ ਸੰਪਰਕ ਕੀਤਾ ਜਾਏ ਅਤੇ ਆਰਟੀਕਲ ਲਿਖਕੇ ਜਾਂ ਜਾਣਕਾਰੀ ਲਿਖ ਕੇ ਉਨ੍ਹਾਂ ਨੂੰ ਭੇਜੀ ਜਾਏ ਤਾਂ ਜੋ ਉਹ ਛਾਪ ਕੇ ਆਮ ਲੋਕਾਂ ਤੱਕ ਪਹੁੰਚਾ ਸਕਣ।

1985 ਦੇ ਔਰਤਾਂ ਦੇ ਅੰਤ੍ਰਰਾਸ਼ਟਰੀ ਦਿਵਸ ਤੇ ਸਮਾਨਤਾ ਵਲੋਂ ਸਾਰੀਆਂ ਔਰਤਾਂ ਨੂੰ ਵਧਾਈ ਹੋਵੇ, ਅਤੇ ਅਪੀਲ ਹੈ ਕਿ ਆਪਣੇ ਹੱਕਾਂ ਪ੍ਰਤੀ ਹੋਰ ਸੁਚੇਤ ਹੋਣ, ਤਸ਼ੱਦਦ ਸਹਿਣ ਤੋਂ ਇਨਕਾਰ ਕਰਨ ਅਤੇ ਆਪਣੀ ਜਿੰਦਗੀ ਨੂੰ ਚੰਗੇਰੀ ਬਣਾਉਣ ਲਈ ਆਪਣੇ ਹੱਕਾਂ ਪ੍ਰਤੀ ਸੰਘਰਸ਼ ਜਾਰੀ ਰੱਖਣ।

(ਸਮਾਨਤਾ ਐਗਜ਼ੇਕਟਿਵ ਕਮੇਟੀ)

## ਵਪਾਰੀ ਵੀਰਾਂ ਲਈ ਸੂਚਨਾ

ਵੈਨਕੂਵਰ ਅਤੇ ਸਰੀ ਵਿਚ ਕੁਝ ਕੁ ਵਿਅਕਤੀਆਂ ਨੇ 'ਕੈਨੇਡਾ ਦਰਪਣ' ਨੂੰ ਵਪਾਰਕ ਨੁਕਤੇ ਤੋਂ ਨੁਕਸਾਨ ਪਹੁੰਚਾਣ ਦੀ ਕੋਸ਼ਿਸ਼ ਕੀਤੀ ਹੈ ਅਤੇ ਜ਼ਬਰਦਸਤੀ ਕੁਝ ਦੁਕਾਨਾਂ ਤੋਂ ਅਖਬਾਰ ਚੁਕੇ ਹਨ। ਵਪਾਰੀ ਵੀਰਾਂ ਅੱਗੇ ਬੇਨਤੀ ਹੈ ਕਿ ਅਜਿਹੇ ਹੁਲੜਬਾਜ਼ਾਂ ਤੋਂ ਘਬਰਾਉਣ ਦੀ ਲੋੜ ਨਹੀਂ। ਕਾਨੂੰਨੀ ਚਾਰਜੋਈ ਹੀ ਇਨ੍ਹਾਂ ਲੋਕਾਂ ਦਾ ਸਹੀ ਇਲਾਜ ਹੈ। ਸੋ ਅਜਿਹੀ ਗੈਰ ਕਾਨੂੰਨੀ ਕਾਰਵਾਈ ਲਈ ਕਾਨੂੰਨੀ ਢੰਗ ਨਾਲ ਹੀ ਨਜਿਠਿਆ ਜਾਵੇਗਾ।


## ਐਡਵਰਟਾਇਜ਼ਮਿੰਟ ਦੇਣ ਲਈ ਮਿਲੋ ਜਾਂ ਫੂਨ ਕਰੋ।
## ਭਵਖੰਡਨ 324-4381




ਪੰਜਾਬੀ ਲੇਖਕ ਹਰਭਜਨ ਹਾਂਸ ਦੇ ਘਰ ਕਾਕੇ ਰਵੀਰਾਜ ਨੇ 28 ਦਸੰਬਰ 1984 ਨੂੰ ਜਨਮ ਲਿਆ। 'ਕੈਨੇਡਾ ਦਰਪਣ' ਕਾਮਨਾ ਕਰਦਾ ਹੈ ਕਿ ਰਵੀਰਾਜ ਦੀ ਉਮਰ ਜੁਗਾਂ ਜੇਡੀ ਲੰਮੀ ਹੋਵੇ!

**ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿਨੀਪੈਗ ਵਲੋਂ:**

## ਪ੍ਰੈਸ ਰੀਲੀਜ਼

ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈਗ ਦੀ ਮੀਟਿੰਗ 24 ਫਰਵਰੀ ਨੂੰ ਹੋਈ। ਪੰਜਾਬ ਦੀ ਮੌਜੂਦਾ ਸਥਿਤੀ ਬਾਰੇ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਸਾਰੇ ਮੈਂਬਰਾਂ ਦੀ ਸਹਿਮਤੀ ਨਾਲ ਹੇਠ ਲਿਖੇ ਮਤੇ ਪਾਸ ਕੀਤੇ ਗਏ।

ਸਭਾ ਦੇ ਮੈਂਬਰ ਪੰਜਾਬ ਦੀ ਸਥਿਤੀ ਉਤੇ ਚਿੰਤਾ ਅਤੇ ਦੁਖ ਪ੍ਰਗਟ ਕਰਦੇ ਹਨ। ਪੰਜਾਬ ਵਿਚ ਫੌਜ ਆਇਆਂ ਲਗਭਗ ਇਕ ਸਾਲ ਹੋ ਗਿਆ ਹੈ। ਕੇਂਦਰੀ ਸਰਕਾਰ ਦੀਆਂ ਚੋਣਾਂ ਵੀ ਹੋ ਚੁੱਕੀਆਂ ਹਨ। ਪਰ ਪੰਜਾਬ ਦੇ ਹਾਲਾਤ ਨੌਰਮਲ ਕਰਨ ਵਿਚ ਕੇਂਦਰੀ ਸਰਕਾਰ ਦੀ ਕੋਈ ਦਿਲਚਸਪੀ ਨਹੀਂ ਲਗਦੀ। ਫੋਕੀ ਬਿਆਨਬਾਜ਼ੀ ਤੋਂ ਇਲਾਵਾ ਪੰਜਾਬ ਦੀ ਹਾਲਤ ਸੁਧਾਰਣ ਬਾਰੇ ਕੋਈ ਠੋਸ ਕਦਮ ਨਹੀਂ ਚੁਕੇ ਗਏ। ਪੰਜਾਬ ਦੀ ਜਨਤਾ ਫੌਜੀ ਅਤੇ ਪੁਲਸੀ ਜਬਰ ਥੱਲੇ ਤ੍ਰਾਹ ਰਹੀ ਹੈ ਜਨਸਾਧਾਰਣ ਦੀ ਅਜ਼ਾਦੀ ਅਤੇ ਮੁਢਲੇ ਹੱਕਾਂ ਉਤੇ ਕੇਂਦਰੀ ਹਕੂਮਤ ਛਾਪਾ ਮਾਰੀ ਬੈਠੀ ਹੈ। ਸਭਾ ਕੇਂਦਰੀ ਸਰਕਾਰ ਤੋਂ ਮੰਗ ਕਰਦੀ ਹੈ ਕਿ ਉਹ ਪੰਜਾਬ ਦੇ ਮਸਲੇ ਨੂੰ ਹੱਲ ਕਰਨ ਲਈ ਗੰਭੀਰ ਹੋ ਕੇ ਕੋਈ ਠੋਸ ਕਦਮ ਚੁਕੇ। ਪੰਜਾਬ ਦੀ ਸਮਸਿਆ ਨੂੰ ਹੱਲ ਕਰਨ ਦੀ ਨੇਕ-ਨੀਅਤੀ ਦਰਸਾਉਣ ਲਈ ਕੇਂਦਰੀ ਸਰਕਾਰ ਨੂੰ ਹੇਠ ਲਿਖੇ ਕੰਮ ਕਰਨੇ ਚਾਹੀਦੇ ਹਨ।

1. ਪੰਜਾਬ ਵਿਚੋਂ ਫੌਜ ਫੌਰਨ ਵਾਪਸ ਬੁਲਾਈ ਜਾਵੇ।
2. ਲੋਕਾਂ ਉਤੇ ਕੀਤਾ ਜਾਂਦਾ ਫੌਜੀ-ਪੁਲਸੀ ਜਬਰ ਬੰਦ ਕੀਤਾ ਜਾਵੇ।
3. ਲੋਕਾਂ ਉਤੇ ਠੋਸੇ ਜਾਬਰ ਕਾਨੂੰਨ ਭੰਗ ਕੀਤੇ ਜਾਣ ਅਤੇ ਇਹਨਾਂ ਕਾਨੂੰਨਾਂ ਥੱਲੇ ਫੜੇ ਜਨ ਸਾਧਾਰਣ ਨੂੰ ਰਿਹਾ ਕੀਤਾ ਜਾਵੇ।
4. ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਹੋਏ ਫਾਸ਼ਿਸ਼ਟ ਦੰਗੇ ਜਿਨ੍ਹਾਂ ਵਿਚ ਹਜ਼ਾਰਾਂ ਬੇ-ਗੁਨਾਹ ਮਾਰੇ ਗਏ ਅਤੇ ਜਾਇਦਾਦ ਦਾ ਨੁਕਸਾਨ ਹੋਇਆ, ਦੀ ਅਦਾਲਤੀ ਜਾਂਚ ਕਰਵਾ ਕੇ ਦੋਸ਼ੀਆਂ ਨੂੰ ਉਚਿਤ ਸਜ਼ਾਵਾਂ ਦਿਤੀਆਂ ਜਾਣ।
5. ਪੰਜਾਬ ਦੇ ਸਮੁੱਚੇ ਲੋਕਾਂ ਦੇ ਹਿੱਤਾਂ ਨੂੰ ਸਾਹਮਣੇ ਰਖਦੇ ਹੋਏ ਪੰਜਾਬ ਦਾ ਸਿਆਸੀ ਹੱਲ ਲਭਿਆ ਜਾਏ।

ਸਭਾ ਪੰਜਾਬ ਦੇ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਵਰਤਮਾਨ ਗੰਭੀਰ ਸੰਕਟ ਸਮੇਂ ਸਾਰੇ ਪੰਜਾਬੀ ਲੋਕ ਇਕੱਠੇ ਹੋ ਕੇ ਕੇਂਦਰੀ ਸਰਕਾਰ ਦੇ ਇਸ ਧੱਕੇ ਵਿਰੁੱਧ ਜਦੋ ਜਹਿਦ ਕਰਨ। ਇਹ ਮਸਲਾ ਕਿਸੇ ਇਕ ਫਿਰਕੇ, ਧਰਮ ਜਾਂ ਸੂਬੇ ਦਾ ਨਹੀਂ, ਇਹ ਸਮੁਚੇ ਭਾਰਤ ਦੇ ਜਨਸਾਧਾਰਣ ਦਾ ਮਸਲਾ ਹੈ ਜਿਸਨੂੰ ਸਾਰੇ ਭਾਰਤ ਦੇ ਲੋਕ ਇਕਠੇ ਹੋ ਕੇ ਹੀ ਹਲ ਕਰ ਸਕਦੇ ਹਨ।

### ਸ਼ਾਂਤਾ ਕੁਮਾਰ ਨੂੰ ਹਾਰ

**ਧਰਮਸ਼ਾਲਾ:** (ਵਿਸ਼ੇਸ਼ ਪ੍ਰਤੀਨਿਧ) ਹਿਮਾਚਲ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ ਨੂੰ ਉਦੋਂ ਵੱਡੀ ਸੱਟ ਵੱਜੀ ਜਦੋਂ ਸਾਬਕਾ ਮੁਖ ਮੰਤਰੀ ਸ਼ਾਂਤਾ ਕੁਮਾਰ ਕਾਂਗੜਾ ਜ਼ਿਲੇ ਦੇ ਸ਼ੁਲ੍ਹਾ ਹਲਕੇ ਤੋਂ ਕਾਂਗਰਸ (ਆਈ) ਦੇ ਉਮੀਦਵਾਰ ਮਾਨ ਚੰਦ ਤੋਂ 461 ਵੋਟਾਂ ਦੇ ਫਰਕ ਨਾਲ ਹਾਰ ਗਏ।

## ਪੁਸਤਕ ਵਿਰੁਧ ਕੇਸ ਦੀ ਸੁਣਵਾਈ 25 ਨੂੰ

**ਚੰਡੀਗੜ੍ਹ:** ਚੰਡੀਗੜ੍ਹ ਦੇ ਸਬ ਜੱਜ ਦਰਜਾ ਅਵੱਲ ਸ੍ਰੀ ਆਰ. ਪੀ. ਸ਼ਰਮਾ ਨੇ ਸ੍ਰੀ ਨਵਜੀਤ ਸਿੰਘ ਬਰਾੜ ਐਡਵੋਕੇਟ ਵਲੋਂ "ਸਿੱਖ ਆਨ ਦੀ ਕਰਾਸ ਰੋਡ" ਦੀ ਪੁਸਤਕ ਦੇ ਲੇਖਕ ਸ. ਭਗਵੰਤ ਸਿੰਘ ਸਿੱਧੂ ਐਡਵੋਕੇਟ ਜਨਰਲ ਪੰਜਾਬ, ਸ੍ਰੀ ਧਨਵੰਤ ਸਿੰਘ ਮਾਨ, ਡਾਇਰ੦ਕਟਰ ਪੰਜਾਬ ਸਟੇਟ ਕੋਆਪ੍ਰੇਟਿਵ ਬੈਂਕ ਤੇ ਇਸ ਦੇ ਪ੍ਰਕਾਸ਼ਕ ਵਿਰੁਧ ਦਾਇਰ ਕੀਤੇ ਕੇਸ ਦੀ ਸੁਣਵਾਈ 25 ਮਾਰਚ ਤਕ ਅੱਗੇ ਪਾ ਦਿਤੀ ਹੈ।

ਅਦਾਲਤ ਵਲੋਂ ਜਾਰੀ ਕੀਤੇ ਨੋਟਿਸ ਦੀ ਤਾਮੀਲ ਹੋਣ ਮਗਰੋਂ ਤਿੰਨ ਮਾਰਚ ਨੂੰ ਸੁਣਵਾਈ ਹੋਈ ਸੀ। ਪੁਸਤਕ ਪ੍ਰਕਾਸ਼ਕ ਤੇ ਲੇਖਕ ਦੇ ਵਕੀਲ ਸ੍ਰੀ ਅਨਿਲ ਸ਼ਰਮਾ ਨੇ ਜੁਆਬੀ ਦਾਖਲੇ ਲਈ 25 ਮਾਰਚ ਤਕ ਸਮਾ ਮੰਗਿਆ। ਅਦਾਲਤ ਨੇ ਇਸ ਲਈ 25 ਮਾਰਚ ਤਕ ਸੁਣਵਾਈ ਅੱਗੇ ਪਾ ਦਿਤੀ।

## ਪਬਲਿਕ ਅਨਾਊਂਸਮੈਂਟ

**ਫਰੇਜ਼ਰ ਕੇਬਲ 10 — ਨਿਆਂ ਸੰਸਾਰ ਪ੍ਰੋਗਰਾਮ**

ਨਿਆਂ ਸੰਸਾਰ ਪ੍ਰੋਗਰਾਮ ਕੇਬਲ 10 ਤੇ ਹਰ ਮੰਗਲਵਾਰ ਸ਼ਾਮ ਨੂੰ 7 ਤੋਂ 7.30 ਵਜੇ ਆਇਆ ਕਰੇਗਾ। ਇਹ ਪਰੋਗਰਾਮ ਪੋਰਟ ਕੁਕਟਿਲਮ, ਪੋਰਟ ਮੂਡੀ, ਕੁਕਟਿਲਮ ਅਤੇ ਮਿਸ਼ਨ ਆਦਿ ਸ਼ਹਿਰਾਂ ਵਿਚ ਆਇਆ ਕਰੇਗਾ। ਹੋਰ ਜਾਣਕਾਰੀ ਲਈ :

521-3473
ਪਰਮਿੰਦਰ ਹੇਰ
ਸਟੂਡੀਓ ਦਾ ਫੋਨ :
941-9431


# DOSANJH & PIRANI

#202 - 5887 Victoria Drive, Vancouver, B.C. V5P 3W5 Lawyers

**PHONE: 327-6381**

* ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ * ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
* ਵਿਉਪਾਰਕ ਮਸਲੇ * ਪ੍ਰਵਾਰ ਤੇ ਤਲਾਕ * ਫੌਜਦਾਰੀ ਤੇ ਸਿਵਲ * ਕੋਰਟ ਟਰਾਇਲ

## ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

# ਭਾਰਤ ਦਰਪਣ

## ਇੰਦਰਾ ਕਤਲ ਕਾਂਡ 'ਚ ਸਫਾਈ ਦੇ ਵਕੀਲ ਵਲੋਂ ਗੰਭੀਰ ਦੋਸ਼

**ਨਵੀਂ ਦਿੱਲੀ:** ਇੰਦਰਾ ਗਾਂਧੀ ਕਤਲ ਕਾਂਡ ਵਿਚ ਫੜੇ ਗਏ ਸਤਵੰਤ ਸਿੰਘ ਦੇ ਵਕੀਲ ਨੇ ਦੋਸ਼ ਲਗਾਇਆ ਹੈ ਕਿ ਇਸਤਗਾਸਾ "ਜਾਣ ਬੁਝ ਕੇ" ਇਸ ਕਾਂਡ ਨਾਲ ਸਬੰਧਿਤ ਅਹਿਮ ਦਸਤਾਵੇਜ਼ਾਂ ਨੂੰ ਰੋਕੀ ਬੈਠਾ ਹੈ ਅਤੇ "ਅਧੂਰੀ" ਫਰਦ ਜੁਰਮ ਦਾਖਲ ਕੀਤੀ ਹੈ।

ਐਡੀਸ਼ਨਲ ਚੀਫ ਮੈਟਰੋਪੋਲੀਟਨ ਮੈਜਿਸਟਰੇਟ। ਸ. ਲ. ਖੰਨਾ ਦੀ ਅਦਾਲਤ ਵਿਚ ਦਾਇਰ ਕੀਤੀ ਇਕ ਅਰਜ਼ੀ ਰਾਹੀਂ ਮੁਦਈ ਦੇ ਇਕ ਵਕੀਲ ਰ. ਸ. ਸੋਢੀ ਨੇ ਕਿਹਾ ਕਿ ਇਸਤਗਾਸੇ ਨੇ ਪੁਸਤਕ "ਭਿੰਡਰਾਂਵਲੇ ਸੰਤ" ਅਤੇ ਗੁਰਮੁਖੀ ਚੁਵਰਕੀ "ਇੰਦਰਾ ਦੇ ਸਿੱਖ" ਦੀਆਂ ਨਕਲਾਂ ਨਹੀਂ ਸਪਲਾਈ ਕੀਤੀਆ ਹਨ ਜੋ ਕਿ ਬੇਅੰਤ ਸਿੰਘ ਅਤੇ ਬਲਬੀਰ ਸਿੰਘ ਦੇ ਘਰੋਂ ਬਰਾਮਦ ਹੋਈਆਂ ਸਨ।

ਸ੍ਰੀ ਸੋਢੀ ਨੇ ਕਿਹਾ ਕਿ ਇਸਤਗਾਸੇ ਨੇ ਵਾਇਰਲੈੱਸ ਸੈੱਟ ਲਾਗ ਬੁੱਕ ਪਾਸ ਪੋਰਟ ਫਾਈਲ, ਅੰਮ੍ਰਿਤ ਪ੍ਰਚਾਰ ਰਜਿਸਟਰ, ਬੇਅੰਤ ਸਿੰਘ ਦੀ ਡਾਇਰੀ, ਖਾਕਾਏ ਕਤਲ ਅਤੇ ਬਹੁਤ ਸਾਰੇ ਹੋਰ ਦਸਤਾਵੇਜ਼ ਪੇਸ਼ ਨਹੀਂ ਕੀਤੇ ਹਨ।

ਸ੍ਰੀ ਸੋਢੀ ਨੇ ਕਿਹਾ ਕਿ ਇਸਤਗਾਸੇ ਨੇ ਜਿਹੜੇ ਦਸਤਾਵੇਜ਼ ਦਿਤੇ ਹਨ, ਉਹ ਵੀ ਨੁਕਸਦਾਰ ਹਨ। ਇਸ ਸੰਬੰਧ ਵਿਚ ਉਨ੍ਹਾਂ 38 ਦਸਤਾਵੇਜ਼ਾਂ ਵਲ ਮੈਜ਼ਿਸਟਰੇਟ ਦਾ ਧਿਆਨ ਦਿਵਾਇਆ।

ਵਕੀਲੇ ਸਫਾਈ ਨੇ ਦੋਸ਼ ਲਗਾਇਆ ਕਿ ਇਸਤਗਾਸਾ ਸਤਵੰਤ ਸਿੰਘ ਦੇ ਜ਼ਾਬਤਾ ਫੌਜਦਾਰੀ ਦੀ ਧਾਰਾ 164 ਅਧੀਨ ਦਰਜ ਕੀਤੇ ਬਿਆਨਾਂ ਨੂੰ ਅਖਬਾਰਾਂ ਵਾਲਿਆਂ ਪਾਸ ਲੀਕ ਕਰ ਰਿਹਾ ਹੈ। ਇਸ ਤਰ੍ਹਾਂ ਆਮ ਜਨਤਾ, ਜੋ ਕਿ ਕਾਨੂੰਨ ਬਾਰੇ ਬਹੁਤਾ ਨਹੀਂ ਜਾਣਦੀ, ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ ਭਾਵੇਂ ਕਿ ਇਨ੍ਹਾਂ ਬਿਆਨਾਂ ਦੀ ਸਚਾਈ ਪਰਖੀ ਜਾਣੀ ਹੈ।

ਸ੍ਰੀ ਸੋਢੀ ਨੇ ਇਸ ਗੱਲ ਉਪਰ ਦੁਖ ਪ੍ਰਗਟ ਕੀਤਾ ਕਿ ਅਦਾਲਤ ਨੇ ਤਾ ਹਾਲਾਂ ਮੁਕੱਦਮਾ ਚਲਾਉਣਾ ਹੈ ਪਰੰਤੂ ਉਨ੍ਹਾਂ ਦੇ ਮੁਵੱਕਿਲ ਵਿਰੁਧ "ਅਖਬਾਰੀ ਮੁਕੱਦਮਾ" ਚਲਾਇਆ ਜਾ ਰਿਹਾ ਹੈ ਜਿਸ ਨਾਲ ਉਸ ਦੇ ਮੁਵੱਕਿਲ ਦੇ ਕੇਸ ਉਪਰ ਅਸਰ ਪੈਣ ਦੀ ਸੰਭਾਵਨਾ ਹੈ।

## ਜਮਾਨਤ ਦੀ ਅਰਜ਼ੀ ਰੱਦ

**ਚੰਡੀਗੜ੍ਹ:** ਪੰਜਾਬ ਤੇ ਹਰਿਆਣ ਹਾਈ ਕੋਰਟ ਦੇ ਜਸਟਿਸ ਸੁਰਿੰਦਰ ਸਿੰਘ ਨੇ . ਅਕਾਲੀ ਦਲ ਦੇ ਸਾਬਕਾ ਪ੍ਰਚਾਰ ਸਕੱਤਰ ਰਾਜਿੰਦਰ ਸਿੰਘ ਖੁਰਾਨਾ ਦੀ ਅਜਜ਼ੀ ਜਮਾਨਤ ਦੀ ਦਰਖਾਸਤ ਰੱਦ ਕਰ ਦਿਤੀ। ਸ੍ਰੀ ਖੁਰਾਨਾ ਨੂੰ ਚੰਡੀਗੜ੍ਹ ਪੁਲੀਸ ਨੇ ਗੁਰਦੁਆਰਾ ਸੈਕਟਰ 19 ਵਿਚ ਭੜਕਾਊ ਤਕਰੀਰ ਕਰਨ ਦੇ ਇਲਜ਼ਾਮ ਵਿਚ ਗ੍ਰਿਫਤਾਰ ਕੀਤਾ ਸੀ।

## ਭਾਰਤ ਕਸ਼ਮੀਰ ਹੱਦ ਦੀ ਨਿਸ਼ਾਨਦੇਹੀਂ ਲਈ ਤਿਆਰ

**ਸ੍ਰੀਨਗਰ:** (ਵਿਸ਼ੇਸ਼ ਪ੍ਰਤੀਨਿਧ) — ਭਾਰਤੀ ਥਲ ਸੈਨਾ ਦੇ ਮੁਖੀਂ ਜਨਰਲ ਵੈਦਿਆ ਨੇ ਇਥੇ ਪੁੱਜਣ ਉਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੇਕਰ ਪਾਕਿਸਤਾਨ ਸਰਕਾਰ ਸਹਿਮਤ ਹੋ ਜਾਵੇ ਤਾਂ ਭਾਰਤ ਕਾਰਗਿਲ ਅਤੇ ਲੱਦਾਖ ਦੇ ਖੇਤਰਾਂ ਵਿਚ ਸਰਹੱਦਾਂ ਦੀ ਨਿਸ਼ਾਨਦੇਹੀ ਕਰਨ ਲਈ ਤਿਆਰ ਹੈ।

ਉਨ੍ਹਾਂ ਕਿਹਾ ਕਿ ਭਾਵੇਂ ਇਸ ਬਾਰੇ ਕੋਈ ਵੀ ਫੈਸਲਾ ਸਿਆਸੀ ਪੱਧਰ ਉਤੇ ਹੀ ਲਿਆ ਜਾਣਾ ਹੈ ਪਰ ਫਿਰ ਵੀ ਦੋਵਾਂ ਦੇਸ਼ਾਂ ਦੇ ਸਰਹੱਦੀ ਕਮਾਂਡਰਾਂ ਦੀਆਂ ਮੀਟਿੰਗਾ ਵਿਚ ਇਹ ਸਵਾਲ ਕਈ ਵੇਰ ਉਠਿਆ ਹੈ।

ਜਨਰਲ ਵੈਦਿਆ ਨੇ ਕਿਹਾ ਕਿ ਦੋਵਾਂ ਦੇਸ਼ਾਂ ਦੀ ਸਹਿਮਤੀ ਨਾਲ ਹੀ ਸਰਵੇ ਦਾ ਕੰਮ ਸ਼ੁਰੂ ਹੋ ਸਕਦਾ ਹੈ।

ਲੱਦਾਖ 'ਚ ਸਿਆਚਿਨ ਗਲੇਸ਼ੀਅਰ ਦੇ ਖੇਤਰ ਵਿਚ ਪਿਛਲੇ ਵਰ੍ਹੇ ਵਾਪਰੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਉਥੇ ਸਾਡੇ ਜਵਾਨ ਮੌਜੂਦ ਹਨ ਪਰ ਪਾਕਿਸਤਾਨ ਉਥੇ ਕਬਜ਼ਾ ਕਰਨਾ ਚਾਹੁੰਦਾ ਸੀ ਇਸ ਲਈ ਝੜਪਾਂ ਨੂੰ ਟਾਲਣਾ ਮੁਸ਼ਕਲ ਸੀ। ਉਨ੍ਹਾਂ ਕਿਹਾ ਕਿ ਸ਼ਿਮਲਾ ਸਮਝੌਤੇ ਹੇਠ ਵੀ ਇਸ ਇਲਾਕੇ ਉਤੇ ਸਾਡਾ ਕਬਜ਼ਾ ਹੋਣਾ ਚਾਹੀਦਾ ਹੈ।

ਪਾਕਿਸਤਾਨ ਅਤੇ ਚੀਨ ਵਲੋਂ ਹਥਿਆਰ ਇਕੱਠੇ ਕੀਤੇ ਜਾਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸਾਡੇ ਲਈ ਚਿੰਤਾ ਦਾ ਕਾਰਨ ਬਣੇ ਹੋਏ ਹਨ।

ਉਨ੍ਹਾਂ ਕਿਹਾ ਕਿ ਪਾਕਿਸਤਾਨ ਅਤੇ ਬੰਗਲਾਦੇਸ਼ ਨਾਲ ਲਗਦੀ ਸਰਹੱਦ ਉਤੇ ਸ਼ਾਂਤੀ ਬਣੀ ਹੋਈ ਹੈ।

ਜਨਰਲ ਵੈਦਿਆ ਨੇ ਕਿਹਾ ਕਿ ਭਾਰਤ ਹਥਿਆਰਾਂ ਦੇ ਮਾਮਲੇ ਵਿਚ ਆਤਮ ਨਿਰਭਰ ਹੋਣ ਲਈ ਯਤਨਸ਼ੀਲ ਹੈ ਅਤੇ ਫੌਜ ਨੂੰ ਹਰ ਸਥਿਤੀ ਦੇ ਟਾਕਰੇ ਲਈ ਆਧੁਨਿਕ ਹਥਿਆਰਾਂ ਨਾਲ ਲੈੱਸ ਕੀਤਾ ਜਾ ਰਿਹਾ ਹੈ।

## ਜਨਤਾ ਪ੍ਰਧਾਨ ਦੀ ਰਿਹਾਈ ਦੀ ਮੰਗ

**ਚੰਡੀਗੜ੍ਹ:** ਦੋ ਜਨਤਾ ਨੇਤਾਵਾਂ — ਰੂਪ ਲਾਲ ਜੈਨ ਅਤੇ ਅਮਰਜੀਤ ਸਿੰਘ ਸੇਠੀ ਵਲੋਂ ਪਾਰਟੀ ਦੀ ਪੰਜਾਬ ਇਕਾਈ ਦੇ ਪ੍ਰਧਾਨ ਸ. ਹਰਭਜਨ ਸਿੰਘ ਦੀ ਗ੍ਰਿਫਤਾਰੀ ਦੀ ਆਲੋਚਨਾ ਕੀਤੀ ਗਈ ਹੈ।

ਇਨ੍ਹਾਂ ਨੇਤਾਵਾਂ ਨੇ ਪਾਰਟੀ ਪ੍ਰਧਾਨ ਦੀ ਫੋਰੀ ਰਿਹਾਈ ਦੀ ਮੰਗ ਵੀ ਕੀਤੀ ਹੈ।

## ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੂੰ ਨੁਕਸਾਨ ਦਾ ਮੁਆਵਜ਼ਾ ਮਿਲੇਗਾ

**ਅੰਮ੍ਰਿਤਸਰ:** ਪਤਾ ਲਗਾ ਹੈ ਕਿ ਰਾਜ ਸਰਕਾਰ ਨੇ 'ਬਲਿਊ ਸਟਾਰ' ਅਪਰੇਸ਼ਨ ਦੌਰਾਨ ਨੁਕਸਾਨ ਉਠਾਉਣ ਵਾਲੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮਾਂ ਨੂੰ ਸਹਾਇਤਾ ਦੇਣ ਸਬੰਧੀ ਨੀਤੀ ਵਿਚ ਸੋਧ ਕੀਤੀ ਹੈ ਜਦ ਕਿ ਪਹਿਲਾਂ ਸਹਾਇਤਾ ਦੇਣ ਸਮੇਂ ਕਮੇਟੀ ਦੇ ਮੁਲਾਜ਼ਮਾਂ ਨੂੰ ਨਜ਼ਰਅੰਦਾਜ਼ ਕਰ ਦਿਤਾ ਗਿਆ ਸੀ।

ਪੰਜਾਬ ਦੇ ਵਿਤ ਕਮਿਸ਼ਨਰ ਨੇ ਇਸ ਸਬੰਧ ਵਿਚ ਕਲੇਮ ਮੰਗਣ ਲਈ ਡਿਪਟੀ ਕਮਿਸ਼ਨਰ ਨੂੰ ਹਦਾਇਤ ਦੇ ਦਿਤੀ ਹੈ।

ਇਨ੍ਹਾਂ ਹਦਾਇਤਾਂ ਹੇਠ ਕੇਵਲ ਦਰਬਾਰ ਸਾਹਿਬ ਕੰਪਲੈਕਸ ਤੋਂ ਬਾਹਰ ਰਹਿੰਦੇ ਨੁਕਸਾਨ ਉਠਾਉਣ ਵਾਲੇ ਮੁਲਾਜ਼ਮਾਂ ਨੂੰ ਹੀ ਸਹਾਇਤਾ ਮਿਲ ਸਕੇਗੀ ਅਤੇ ਇਹ ਵੀ ਜਾਂਚ ਕੀਤੀ ਜਾਵੇਗੀ ਕਿ ਉਨ੍ਹਾਂ ਦੇ ਅਤਿਵਾਦੀਆਂ ਨਾਲ ਕੋਈ ਸਬੰਧ ਤਾ ਨਹੀਂ ਸਨ।

ਜ਼ਿਲਾ ਅਧਿਕਾਰੀਆਂ ਨੇ ਸ਼ਰੋਮਣੀ ਕਮੇਟੀ ਨੂੰ ਕਿਹਾ ਕਿ ਉਹ ਸਬੰਧਤ ਮੁਲਾਜ਼ਮਾਂ ਤੋਂ ਦਾਅਵਿਆ ਬਾਰੇ ਫਾਰਮਾਂ ਉਤੇ ਨਿਸਚਿਤ ਦਰਖਾਸਤਾਂ ਲੈ ਕੇ ਡਿਪਟੀ ਕਮਿਸ਼ਨਰ ਨੂੰ ਛੇਤੀ ਭੇਜ ਦੇਣ ਤਾਂ ਕਿ ਉਨ੍ਹਾਂ ਦੇ ਕੇਸਾਂ ਦਾ ਨਿਪਟਾਰਾ ਕਰਕੇ 31 ਮਾਰਚ ਤਕ ਮੁਆਵਜ਼ਾ ਅਦਾ ਕੀਤਾ ਜਾ ਸਕੇ।

ਭਾਵੇਂ ਮੁਲਾਜ਼ਮਾਂ ਨੂੰ ਪੁਜੇ ਨੁਕਸਾਨ ਦੇ ਪੂਰੇ ਪੂਰੇ ਵੇਰਵੇ ਨਹੀਂ ਮਿਲੇ ਪਰ ਇਹ ਕੁਝ ਲੱਖ ਰੁਪਈਆਂ ਵਿਚ ਹੋ ਸਕਦਾ ਹੈ। ਸ਼ਰੋਮਣੀ ਕਮੇਟੀ ਅਨੁਸਾਰ ਕੋਈ 150 ਮੁਲਾਜ਼ਮਾਂ ਦੇ ਸਮਾਨ ਨੂੰ ਨੁਕਸਾਨ ਪੁਜਾ ਸੀ।

ਜ਼ਿਲਾ ਅਧਿਕਾਰੀਆਂ ਤੋਂ ਮਿਲੀ ਸੂਚਨਾ ਅਨੁਸਾਰ ਨੁਕਸਾਨ ਉਠਾਉਣ ਵਾਲੇ ਲੋਕਾਂ ਨੂੰ ਹੁਣ ਤੱਕ 86 ਲੱਖ ਰੁਪਏ ਦੀ ਸਹਾਇਤਾ ਵੰਡੀ ਜਾ ਚੁਕੀ ਹੈ।

## ਰਾਜ ਸਭਾ ਉਪ ਚੋਣਾ ਲਈ ਦੋ ਉਮੀਦਵਾਰ

**ਕਲਕੱਤਾ:** ਪੱਛਮੀ ਬੰਗਾਲ ਤੋਂ ਖਾਲੀ ਹੋਈਆਂ ਰਾਜ ਸਭਾ ਦੀਆਂ ਦੋ ਸੀਟਾਂ ਲਈ ਉਪ ਚੋਣ ਵਿਚ ਹੁਣ ਕੇਵਲ ਦੋ ਉਮੀਦਵਾਰ ਮੈਦਾਨ ਵਿਚ ਰਹਿ ਗਏ ਹਨ।

ਇਹ ਉਮੀਦਵਾਰ ਕਲਕੱਤਾ ਯੂਨੀਵਰਸਿਟੀ ਦੇ ਸਾਬਕਾ ਉਪ ਕੁਲਪਤੀ ਕਲਿਆਣ ਸ਼ੰਕਰ ਰਾਏ (ਸੀ. ਪੀ. ਐਮ.) ਗੁਰੂ ਦਾਸ ਦਾਸਗੁਪਤਾ (ਸੀ. ਪੀ. ਆਈ.) ਹਨ। ਇਹ ਸੀਟਾਂ ਸੀ. ਪੀ. ਐਮ. ਦੇ ਅਰਾਬਿੰਦੋ ਘੋਸ਼ ਅਤੇ ਸੀ. ਪੀ. ਆਈ. ਦੇ ਕਲਿਆਣ ਸ਼ੰਕਰ ਰਾਏ ਦੀ ਮੌਤ ਕਾਰਨ ਖਾਲੀ ਹੋਈਆਂ ਹਨ।




ਕਿਸੇ ਵੀ ਕੰਪਨੀ ਦੀ ਕਾਰ ਕਿਸੇ ਵੀ ਡੀਲਰ ਤੋਂ ਖ੍ਰੀਦਣੀ ਹੋਵੇ
To Buy Any Car From Any Dealer
Contact
Surjit S. Bains
Ph. 324-1527
ਸੁਰਜੀਤ ਸਿੰਘ ਬੈਂਸ ਬੀ. ਸੀ. ਦੇ ਲਾਇਸੈਂਸਡ ਮਕੈਨਿਕ ਹਨ
ਜਿੰਨ੍ਹਾਂ ਦਾ 15 ਸਾਲਾਂ ਦਾ ਤਜਰਬਾ ਹੈ
ਜੀ. ਐਮ. ਸੀ. ਫੋਰਡ, ਕ੍ਰਾਈਸਲਰ, ਅਮੇਰਿਕਨ ਮੋਟਰਜ਼ ਜਾਂ ਬਦੇਸ਼ੀ ਕਾਰਾਂ
ਕਾਰਾਂ, ਵੈਨਾਂ, ਪਿਕਅੱਪ ਖ੍ਰੀਦਣ ਜਾਂ ਵੇਚਣ ਲਈ
ਸੁਰਜੀਤ ਸਿੰਘ ਬੈਂਸ ਨੂੰ ਮਿਲੋ ਜਾਂ
ਫੋਨ ਕਰੋ : 324-1527
ਖ੍ਰੀਦਣ ਜਾਂ ਵੇਚਣ ਵਾਲੇ ਤੋਂ ਕੋਈ ਕਮਿਸ਼ਨ ਨਹੀਂ ਲਿਆ ਜਾਵੇਗਾ।

ਸੁਰਜੀਤ ਸਿੰਘ ਬੈਂਸ
ਕਿਸ਼ਤਾਂ ਦਾ ਵੀ ਬੰਦੋਬਸਤ ਕੀਤਾ ਜਾਵੇਗਾ

INCOME TAX

ਜੇ ਤੁਸੀਂ ਵੱਧ ਤੋਂ ਵੱਧ ਕਟੌਤੀਆਂ ਲੈ ਕੇ ਘੱਟ ਤੋਂ ਘੱਟ ਇਨਕਮ ਟੈਕਸ ਭਰਨਾ ਚਾਹੁੰਦੇ ਹੋ ਤਾਂ ਆਪਣੀਆਂ ਇਨਕਮ ਟੈਕਸ ਦੀਆਂ ਰੀਟਰਨਾਂ H.M. TAX ਦੇ ਤਜਰਬੇਕਾਰ ਸਟਾਫ ਤੋਂ ਭਰਵਾਉ।

Other Services Available:
- Pay Rolls
- Book Keeping
- Accounting
- Incorporation

For Year Round Services
Two Locations To Serve You

hm tax
THE INCOME TAX EXPERTS

3369-B Kingsway
Vancouver, B.C.
438-3611

#207-6330 Fraser
Vancouver, B.C.
324-3937

S. & S. INSURANCE
6658 Main St. Vancouver
ਪੰਜਾਬੀ ਮਾਰਕਿਟ ਵਿਚ ਸਭ ਤੋਂ ਪਹਿਲਾ ਤੇ ਭਰੋਸੇਯੋਗ ਇੰਨਸ਼ੋਰੈਂਸ ਦਫਤਰ
ਇੰਨਸ਼ੋਰੈਂਸ ਦੇ ਰੇਟ ਤਾਂ ਹਰ ਥਾਂ ਇਕੋ ਹੀ ਹਨ ... ਪਰ ਫ਼ਰਕ ਦੋਸਤੀ ਭਰੇ ਮਾਹੋਲ ਦਾ ਹੈ ... ਤੇ ਉਹ ਦੋਸਤੀ ਭਰੀ ਸੇਵਾ ਤੁਹਾਨੂੰ S & S Insurance ਤੋਂ ਹੀ ਮਿਲ ਸਕਦੀ ਹੈ। ਆਪਣੇ ਘਰਾਂ ਤੇ ਕਾਰਾਂ ਦੀ ਇੰਨਸ਼ੋਰੈਂਸ ਨਵੇਂ ਸਿਰਿਓਂ ਕਰਾਉਣ ਲਈ ਅੱਜ ਹੀ ਮਿਲੋ



ਦਲਜੀਤ ਸਿੰਘ ਸਿੱਧੂ

Autoplan
1984 INSURANCE & LICENCE

RENEW EARLY INSURANCE
- FINANCING AVAILABLE
- SAFE DRIVING DISCOUNT (if eligible)

Ph. 324-5711
ਗਿਫਟ ਲੈਣਾ ਨਾ ਭੁੱਲਣਾ



ਹਰਦੇਵ ਸਿੰਘ ਗਿੱਲ

# ਪੰਜਾਬੀ ਲੇਖਕ ਮੰਚ

## ਜਨਵਰੀ 1985 ਦੀ ਇਕੱਤਰਤਾ

ਪੰਜਾਬੀ ਲੇਖਕ ਮੰਚ ਵਲੋਂ ਜਨਵਰੀ 1985 ਦੀ ਇਕੱਤਰਤਾ ਲਿਟਲ ਮਾਊਂਟੇਨ ਨੇਬਰਹੁੱਡ ਹਾਊਸ ਵਿਚ ਸਾਢੇ ਚਾਰ ਵਜੇ ਕੀਤੀ ਗਈ।

ਅਮਰ ਸਿੰਘ ਬੈਨੀਪਾਲ. ਮੁਹਿੰਦਰ ਸੁਮਲ, ਅਮਰਜੀਤ ਚਾਹਲ, ਕਰਮਜੀਤ ਘੁਮਾਣ, ਸੁਖਵੰਤ ਹੁੰਦਲ, ਮੱਖਣ ਟੁੱਟ, ਸਾਧੂ, ਸੁਰਜੀਤ ਕਲਸੀ, ਅਜਮੇਰ ਰੋਡੇ, ਮਨਜੀਤ ਮੀਤ, ਸੂਫੀ ਅਮਰਜੀਤ, ਚਰਨ ਸਿੰਘ, ਹਰਭਜਨ ਹਾਂਸ, ਅਤੇ ਗੁਰਚਰਨ ਰਾਮਪੁਰੀ ਮੀਟਿੰਗ ਵਿਚ ਸ਼ਾਮਲ ਹੋਏ।

ਮੀਟਿੰਗ ਅਮਰ ਸਿੰਘ ਬੈਨੀਪਾਲ ਦੀ ਉਰਦੂ ਲਿਖੀ ਨਜ਼ਮ "ਇਕ ਬਾਤ ਕਹੂੰ" ਨਾਲ ਸ਼ੁਰੂ ਹੋਈ। ਨਜ਼ਮ ਸਾਦੀ ਸ਼ੈਲੀ ਅਤੇ ਸਾਦੀ ਸ਼ਬਦ ਚੋਣ ਵਿਚ ਲਿਖੀ ਹੋਈ ਮਜ਼੍ਹਬ ਦੇ ਝੂਠੇ ਪੱਖ ਤਦੇ ਕਰਾਰੀ ਚੋਟ ਲਾਉਂਦੀ ਹੈ:

"ਯਹਿ ਇਸੀ ਬਾਤ ਕਾ ਸ਼ੁਗਲ ਸਾ ਹੈ
ਯਹਿ ਇਸੀ ਬਾਤ ਕੀ ਲਹਿਰ ਸੀ ਹੈ।"

ਮੁਹਿੰਦਰ ਸੁਮਲ ਨੇ ਅਜੋਕੀ ਪੰਜਾਬੀ ਅਧੋਗਤੀ ਦੇ ਫਲਸਰੂਪ ਪੈਦਾ ਹੋਈਆਂ ਮਾਨਸਿਕ ਉਲਝਣਾਂ ਅਤੇ ਪੀੜਾਂ ਉਤੇ ਲਿਖਿਆ ਇਕ ਗੀਤ ਸੁਣਾਇਆ:

"ਬੋਲ ਮੇਰੇ ਵਿਹੜੇ ਦਿਆ ਗੀਤਾ
ਕਿਸ ਰੁੱਤ ਤੈਨੂੰ ਗਾਵਾਂ।"

ਗੀਤ ਵਿਚ ਬਿੰਬਾਂ ਦੀ ਕੁਝ ਅਸਪਸ਼ਟਤਾ ਬਾਰੇ ਵਿਚਾਰ ਕੀਤੀ ਗਈ ਅਤੇ ਸੁਝਾਓ ਦਿਤੇ ਗਏ।

ਸੁਖਵੰਤ ਹੁੰਦਲ ਨੇ ਖੇਤ ਮਜ਼ਦੂਰਾਂ ਉਤੇ ਲਿਖਿਆ ਇਕ ਨਵਾਂ ਗੀਤ ਪੜ੍ਹਿਆ। ਗੀਤ ਸਟੇਜ ਉਤੇ ਕੋਰਸ ਦੇ ਰੂਪ ਵਿਚ ਪੇਸ਼ ਕਰਨ ਦੇ ਆਸ਼ੇ ਨਾਲ ਲਿਖਿਆ ਜਾਪਦਾ ਸੀ:

"ਆਓ ਆਖੀਏ ਖੜ੍ਹਾ ਕੇ ਠੇਕੇਦਾਰ ਨੂੰ
ਬੰਦ ਸਾਡੀ ਲੁੱਟ ਨੂੰ ਕਰੇ।"

ਮੱਖਣ ਟੁੱਟ ਨੇ ਵੀ ਨਵਾਂ ਲਿਖਿਆ ਗੀਤ "ਮਨੁਖਤਾ ਦਾ ਲੋਕਾਂ ਦੇ ਨਾਂ ਸੁਨੇਹਾ" ਪੜ੍ਹਿਆ:

"ਮੈਨੂੰ ਤਾ ਅੱਜ ਮਾਰਿਆ
ਮਜ਼੍ਹਬੀ ਤਲਵਾਰਾਂ ਨੇ।"

ਸਾਧੂ ਨੇ "ਪੁਲਾੜ ਵਿਚੋਂ ਉਤਰੇ ਇਕ ਕਵੀ ਜੀ ਦੇ ਨਾਂ ਖੁਲ੍ਹੀ ਚਿੱਠੀ" ਪੜ੍ਹੀ। ਇਹ ਕਾਵਿ-ਵਾਰਤਕ ਵਿਚ ਲਿਖੀ ਚਿੱਠੀ ਅਖੌਤੀ "ਪੁਲਾੜੀ" ਕਵੀਆਂ ਦੇ ਖੋਖਲੇਪਨ ਬਾਰੇ ਤਿੱਖੀ ਤਨਜ਼ ਪੇਸ਼ ਕਰਦੀ ਸੀ।

ਮਨਜੀਤ ਮੀਤ ਨੇ ਆਧੁਨਿਕ ਸ਼ੈਲੀ ਵਿਚ ਲਿਖੀਆਂ ਕੁਝ ਨਿੱਕੀਆਂ ਕਵਿਤਾਵਾਂ ਪੇਸ਼ ਕੀਤੀਆਂ:

"ਹਰਫਾਂ ਦੇ ਜਿਸਮ ਨੂੰ ਛੋਹਣਾ ਵਰਜਿਤ ਹੈ
ਅਰਥਾਂ ਦਾ ਸਤਿਭੰਗ ਕਰਨਾ ਪਰਵਾਨਤ ਹੈ।"

ਗੁਰਚਰਨ ਰਾਮਪੁਰੀ ਨੇ ਪੰਜਾਬ ਦੀ ਅਜੋਕੀ ਸਮੱਸਿਆ ਉਤੇ ਦੋ ਕਵਿਤਾਵਾਂ "ਜ਼ਹਿਰੀ ਰੁੱਖ" ਅਤੇ "ਖੁਦਕੁਸ਼ੀ ਦੇ ਰਾਹ" ਪੜ੍ਹੀਆਂ:

"ਜ਼ਹਿਰੀ ਦਮਗਜ਼ਿਆਂ ਦੇ ਰੁੱਖ ਨੂੰ
ਕਿੰਨੇ ਫਲ ਖਫਣ ਦੇ ਲੱਗੇ"

ਦੂਸਰੀ ਕਵਿਤਾ ਵਿਚ ਖਿਆਲਾਂ ਦੀ ਅਸਪੱਸ਼ਟਤਾ ਬਾਰੇ ਟਿਪਣੀ ਹੋਈ।

ਸੁਰਜੀਤ ਕਲਸੀ ਨੇ ਔਰਤ ਦੀ ਸਮੱਸਿਆ ਉਤੇ ਇਕ ਲੰਬੀ ਅਤੇ ਤਨਜ਼ੀਅ ਕਵਿਤਾ ਪੜ੍ਹੀ:

"ਮੈਨੂੰ ਪਤਾ ਹੈ ਹਵਾ ਭਾਰੀ ਹੈ
ਉਹ ਜ਼ਹਿਰ ਹਵਾ ਵਿਚ ਠਹਿਰ ਗਿਆ ਹੈ।"

ਅਜਮੇਰ ਰੋਡੇ ਨੇ ਬੱਚਿਆਂ ਵਾਸਤੇ ਲਿਖੀਆਂ ਦੋ ਕਵਿਤਾਵਾਂ The Little Girl, and Something Good ਅੰਗ੍ਰੇਜ਼ੀ ਵਿਚ ਪੜ੍ਹੀਆਂ:

**"In dreams she opened
all the flowers
who hid the pretty bees"**

ਮੀਟਿੰਗ ਦੇ ਅੰਤ ਉਤੇ ਕੁਝ ਸਾਹਿਤਕ ਸੂਚਨਾਵਾਂ ਅਤੇ ਸਮਾਚਾਰ ਵੀ ਸਾਂਝੇ ਕੀਤੇ ਗਏ:

ਸੁਰਜੀਤ ਕਲਸੀ (ਸਹਿ ਸੰਪਾਦਕ) ਨੇ ਅੰਗਰੇਜ਼ੀ ਵਿਚ ਛਪਦੇ ਸਾਹਿਤਕ ਮੈਗਜ਼ੀਨ "The Toronto South Asian Review" ਦੇ ਅਗਲੇ ਅੰਕ ਲਈ ਰਚਨਾਵਾਂ ਦੇਣ ਦੀ ਮਿਤੀ 15 ਫਰਵਰੀ 1985 ਦੱਸੀ ਅਤੇ ਰਚਨਾਵਾਂ ਦੀ ਮੰਗ ਕੀਤੀ।

ਅਮਰਜੀਤ ਸੂਫੀ ਨੇ ਰਚਨਾ (ਚੰਡੀਗੜ੍ਹ) ਦੇ ਸੰਪਾਦਕ ਡਾਕਟਰ ਰਘਬੀਰ ਸਿੰਘ ਦਾ ਚੰਦਿਆਂ ਬਾਰੇ ਸੁਨੇਹਾ ਦਿੱਤਾ।

ਅਜਮੇਰ ਰੋਡੇ ਨੇ ਪੰਜਾਬੀ ਨਾਵਲਕਾਰ ਗੁਰਦਿਆਲ ਸਿੰਘ ਵਲੋਂ ਵੈਨਕੂਵਰ ਦੇ ਲੇਖਕਾਂ ਦੇ ਨਾਂ ਭੇਜੀਆਂ ਸ਼ੁਭ ਇਛਾਵਾਂ ਬਾਰੇ ਦੱਸਿਆ।

ਗੁਰਚਰਨ ਰਾਮਪੁਰੀ ਨੇ ਪੰਜਾਬ ਯੂਨੀਵਰਸਿਟੀ ਵਿਚ ਪੰਜਾਬੀ ਸਟੱਡੀਜ਼ ਸਕੂਲ ਦੇ ਚੇਅਰਮੈਨ ਡਾਕਟਰ ਅਤਰ ਸਿੰਘ ਵਲੋਂ ਆਏ ਇਕ ਖਤ ਬਾਰੇ ਸੂਚਨਾ ਦਿਤੀ ਜਿਸ ਵਿਚ ਪੰਜਾਬੀ ਸਟੱਡੀਜ਼ ਸਕੂਲ ਵਿਚ ਵਿਦੇਸ਼ੀ ਪੰਜਾਬੀ ਸਾਹਿਤ ਬਾਰੇ ਇਕ ਵਿਸ਼ੇਸ਼ ਪਰਚਾ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਹੈ ਅਤੇ ਵਿਦੇਸ਼ੀ ਪੰਜਾਬੀ ਸਾਹਿਤਕਾਰਾਂ ਵਲੋਂ ਮੌਲਿਕ ਰਚਨਾਵਾਂ ਅਤੇ ਆਲੋਚਨਾਤਮਕ ਕਿਰਤਾਂ ਦੀ ਮੰਗ ਕੀਤੀ। ਯੂਨੀਵਰਸਿਟੀ ਤੋਂ ਛਪਦੇ ਸਹਿਤਕ ਮੈਗਜ਼ੀਨ "ਪਰਖ" ਦਾ ਵਿਦੇਸ਼ੀ ਪੰਜਾਬੀ ਸਾਹਿਤ ਅੰਕ ਕੱਢਣ ਦਾ ਫੈਸਲਾ ਵੀ ਕੀਤਾ ਗਿਆ ਹੈ ਜਿਸ ਲਈ ਵਿਦੇਸ਼ਾਂ ਵਿਚੋਂ ਰਚਨਾਵਾਂ ਭੇਜਣ ਬਾਰੇ ਕਿਹਾ ਗਿਆ ਹੈ।

ਪੰਜਾਬੀ ਲੇਖਕ ਮੰਚ ਕੈਨੇਡਾ ਵਿਚ ਮੌਲਿਕ ਪੰਜਾਬੀ ਸਾਹਿਤ ਦੀ ਸਿਰਜਣਾ ਨੂੰ ਉਤਸ਼ਾਹ ਦੇਣ ਦੇ ਆਸ਼ੇ ਨਾਲ ਕਾਇਮ ਕੀਤਾ ਗਿਆ ਹੈ। ਇਸ ਵਿਚ ਕਵਿਤਾ, ਕਹਾਣੀ, ਨਾਟਕ, ਪੁਸਤਕ ਪੜਚੋਲ, ਸਾਹਿਤ ਸਮਾਚਾਰ ਅਤੇ ਸਾਹਿਤ ਸਬੰਧੀ ਹੋਰ ਲਿਖਤਾਂ ਪੜ੍ਹੀਆਂ ਅਤੇ ਵਿਚਾਰੀਆਂ ਜਾਂਦੀਆਂ ਹਨ।

ਮੰਚ ਦੀਆਂ ਸਰਗਰਮੀਆਂ ਬਾਰੇ ਹੋਰ ਜਾਣਕਾਰੀ ਲਈ ਗੁਰਚਰਨ ਰਾਮਪੁਰੀ ਨੂੰ 986-2883 ਉਤੇ ਫੋਨ ਕਰੋ।

ਅਜਮੇਰ ਰੋਡੇ (ਕੋਆਰਡੀਨੇਟਰ)

---

### • ਦੂਜੀ ਲੱਤ

ਟਰੱਕ ਦੀ ਦੁਰਘਟਨਾ 'ਚ ਇਕ ਆਦਮੀ ਦੀ ਇਕ ਲੱਤ ਟੁੱਟ ਗਈ। ਬੀਮਾ ਕੰਪਨੀ ਨੇ ਉਹ ਨੂੰ ਪੰਜਾਹ ਹਜ਼ਾਰ ਰੁਪਏ ਦਿੱਤੇ। ਇਹ ਗੱਲ ਜਦੋਂ ਉਹਨੇ ਆਪਣੀ ਬੀਵੀ ਨੂੰ ਦੱਸੀ ਤਾਂ ਉਹ ਝੱਟ ਬੋਲ ਪਈ - "ਹਾਏ ਰੱਬਾ! ਇੱਕ ਲੱਤ ਟੁੱਟਣ ਤੇ ਪੰਜਾਹ ਹਜ਼ਾਰ ਰੁਪਏ। ਤੈਨੂੰ ਸ਼ਰਮ ਨਹੀਂ ਆਈ ਦੂਜੀ ਲੱਤ ਬਚਾ ਕੇ ਘਰ ਲਿਆਉਂਦੇ ਹੋਏ

• ਸਰਜ਼ੋੜ

**********************************

ਪੰਜਾਂ ਨਦੀਆਂ ਦੇ ਕੰਢਿਆਂ 'ਤੇ
ਸਿੱਖਾਂ ਨੇ ਸਿਰਾਂ 'ਤੇ ਘੁੱਟ ਘੁੱਟ ਕੇ ਜੂੜੇ ਬੰਨ੍ਹੇ ਹਨ
ਸਿੱਖ ਜਾਗ ਉਠੇ ਸਨ, ਗੁਰੂ ਦੇ ਸ਼ਬਦ ਰਾਹੀ
ਨਿਰਮੋਹ ਤੇ ਨਿਡਰ
ਹਜ਼ਾਰਾਂ ਗਲਾਂ 'ਚੋਂ ਧੁਨੀ ਗੂੰਜ ਉਠੀ
"ਗੁਰੂ ਦੀ ਜੈ,' ਦੀ
ਨਵਾਂ ਇਨਸਾਨ ਸਿੱਖ ਜਾਗਿਆ
ਸਵੇਰ ਦਾ ਨਵਾਂ ਚੜ੍ਹਿਆ ਸੂਰਜ
ਉਨ੍ਹਾਂ ਵਲ ਟਿਕਟਿਕੀ ਲਾ ਕੇ ਵੇਖਦਾ ਰਹਿ ਗਿਆ
"ਅਲਖ ਨਰਿੰਜਨ" ਦੇ ਉੱਚੀ ਜੈਕਾਰੇ ਗੂੰਜੇ
ਬੰਧਨ ਤੇ ਭੈਅ ਤੋਂ ਮੁਕਤ ਕਰਨ ਵਾਲੇ
ਛਾਤੀ ਦੇ ਕੋਲ ਉਤਸ਼ਾਹ ਭਰੇ
ਸਿੱਖਾਂ ਦੀਆਂ ਤਲਵਾਰਾਂ ਖੜਕਦੀਆਂ ਸਨ
ਪੰਜਾਬ ਅਜ "ਅਲਖ ਨਰਿੰਜਨ',
ਕਹਿ ਕੇ ਜਾਗ ਉਠਿਆ ਹੈ।

*

ਇਕ ਦਿਨ ਐਸਾ ਵੀ ਆ ਗਿਆ
ਲੱਖਾਂ ਨਿਡਰ ਜਾਨਾਂ ਜਾਗੀਆਂ
ਜੋ ਕਿਸੇ ਦੇ ਭਾਰ ਜਾਂ ਕਰਜ਼ੇ ਹੇਠ ਨਹੀਂ
ਜ਼ਿੰਦਗੀ ਤੇ ਮੌਤ ਦੋਵੇਂ ਉਨ੍ਹਾਂ ਦੀਆਂ ਗੁਲਾਮ ਨਹੀਂ
ਪੰਜ ਨਦੀਆਂ ਜਿਨ੍ਹਾਂ ਨੂੰ ਦਸ ਕੰਢਿਆਂ ਨੇ ਘੇਰਿਆ ਹੈ
ਉਨ੍ਹਾਂ ਦਾ ਧਰਤੀ 'ਤੇ ਉਹ ਦਿਨ ਆ ਗਿਆ

*


## ਕੰਨਿਆਂ ਦੀ ਲੋੜ

ਉੱਚੀ ਲੰਮੀ, ਮੂੰਹ ਮਥੇ ਲਗਦੀ, ਪੜ੍ਹੀ ਲਿਖੀ ਅਤੇ ਚੰਗੇ ਚਾਲ ਚਲਣ ਵਾਲੀ ਲੜਕੀ ਦੀ ਲੋੜ ਹੈ। ਉਮਰ ਘੱਟ ਤੋਂ ਘੱਟ 27-28 ਸਾਲ ਹੋਵੇ। ਲੜਕਾ ਉਚਾ ਲੰਮਾਂ, ਸੋਹਣਾ ਸੁਨੱਖਾ, ਪੜ੍ਹਿਆ ਲਿਖਿਆ, ਇੰਗਲੈਂਡ ਵਿਚ ਵੈਲ-ਸੈਟਲਡ ਹੈ। ਪੰਜਾਬ ਵਿਚ ਪੰਦਰਾਂ ਏਕੜ ਜਮੀਨ ਅਤੇ ਛੇ ਅੱਖਰਾਂ ਵਿਚ ਬੈਂਕ ਅਕਾਊਂਟ ਹੈ। ਪਰ ਤਲਾਕ ਸ਼ੁਦਾ ਹੈ। ਉਮਰ 39 ਸਾਲ। ਸਰੀਰ ਪਤਲਾ ਅਤੇ ਚੁੱਸਤ ਹੋਣ ਕਰਕੇ ਵੇਖਣ ਨੂੰ 28-29 ਸਾਲ ਦਾ ਲਗਦਾ ਹੈ। ਲੜਕੀ ਇੰਡੀਆ ਜਾਂ ਕੈਨੇਡਾ ਕਿਧਰੇ ਦੀ ਹੋਵੇ। ਦਿਲਚਸਪੀ ਰੱਖਣ ਵਾਲੇ ਸੱਜਣ ਹੇਠ ਲਿਖੇ ਪਤੇ ਤੇ ਚਿਠੀ ਲਿਖਣ:—

**The Canada Darpan, Punjabi Weekly
P.O Box 67344,Station 'O'
VANCOUVER, B.C., V5W 3T1**

## TRANS CANADA T.V.



- T.V. Repairs
- Stereo Repairs

**ਟੀ. ਵੀ. ਅਤੇ ਸਟੀਰੀਓ ਦੀ ਤਸੱਲੀ ਬਖਸ਼ ਮੁਰੰਮਤ ਲਈ ਸਾਨੂੰ ਮਿਲੋ:**
**ਰੇਟ ਬਹੁਤ ਹੀ ਵਾਜਬ**
ਹੋਰ ਜਾਣਕਾਰੀ ਲਈ ਮਿਲੋ ਜਾਂ ਫੋਨ ਕਰੋ:
**ਕੁਲਜੀਤ ਤੂਰ**
**588-7525**
**10260 - 128th St., Surrey, B.C.**

## FRIENDS AUTO BODY & PAINTING LTD.

**5605 BYRNE RD.
BURNABY, B.C.**

**Burnaby Auto Auction Building**

- ☐ I. C. B. C. JOB
- ☐ FREE ESTIMATES
- ☐ FREE COURTESY CAR
- ☐ RUST REPAIRS
- ☐ FIBRE GLASS OR CUT OUT WORK

**YOU NEVER KNOW UNLESS YOU TRY**
15 Years Experienced People
VISIT OR CALL MR. GURU

**PH. 430-4233**

## INCOME TAX

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇ ਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਅਸੀਂ ਵਾਜਬ ਰੇਟ ਤੇ ਕੰਮ ਕਰਦੇ ਹਾਂ। ਇਕ ਵਾਰ ਪਰਖ ਦੇ ਦੇਖੋ।

- Income Tax
- Book-Keeping
- Accounting & Incorporation
- Insurance (Life, Sickness, Group, Travel, Visitors.)

**ALWAYS REMEMBER
MANGAT AGENCIES**
N0 2-7171 King George Hwy
SURREY, B.C.
**594-5711 594- 2254**

## ਕਰਤਾਰ ਫੋਟੋ ਸਟੂਡੀਓ

**1 HOUR PHOTO SERVICE
KARTAR PHOTO STUDIO
6660 MAIN STREET, (at 51st Ave.)
VANCOUVER, B.C.**



**We Do Passport, 5 Mins. Service, Portrait Photos & Weddings**

**Ph. 321-7020**

# ਸਿੱਖ ਨੌਜਵਾਨਾਂ ਦੇ ਕੇਸ ਸੁਪਰੀਮ ਕੋਰਟ 'ਚ ਲੜਨ ਲਈ ਤਿਆਰੀਆਂ

**ਚੰਡੀਗੜ੍ਹ:** (ਗਿਆਨੀ ਹਰੀ ਸਿੰਘ) — ਪੰਜਾਬ ਦੀਆਂ ਵਿਸ਼ੇਸ਼ ਅਦਾਲਤਾਂ ਵਲੋਂ ਨਜਾਇਜ਼ ਹਥਿਆਰ ਰੱਖਣ, ਤੋੜ ਫੋੜ ਕਰਨ ਅਤੇ ਹੋਰ ਵਖ ਵਖ ਦੋਸ਼ਾ ਅਧੀਨ ਸਿੱਖ ਨੌਜਵਾਨਾਂ ਨੂੰ ਜੋ ਸਜ਼ਾਵਾਂ ਦਿਤੀਆ ਜਾ ਰਹੀਆਂ ਹਨ, ਉਨ੍ਹਾਂ ਦੀਆਂ ਅਪੀਲਾਂ ਸੁਪਰੀਮ ਕੋਰਟ ਵਿਚ ਕਰਨ ਦੀਆ ਤਿਆਰੀਆਂ ਜਾਰੀ ਹਨ। ਇਨ੍ਹਾਂ ਸਿੱਖ ਨੌਜਵਾਨਾਂ ਦੇ ਸਾਕ ਸਨੇਹੀ ਅਤੇ ਅਕਾਲੀ ਨੇਤਾ ਸਪੱਸ਼ਟ ਦੋਸ਼ ਲਾ ਰਹੇ ਹਨ ਕਿ ਉਨ੍ਹਾ ਉਤੇ ਪੁਲੀਸ ਨੇ ਝੂਠੇ ਮੁਕੱਦਮੇ ਬਣਾ ਕੇ ਸਜ਼ਾ ਦਿਵਾਈ ਹੈ, ਉਹ ਨਿਰਦੋਸ਼ ਹਨ ਅਤੇ ਉਨ੍ਹਾ ਨੂੰ ਕੈਦ ਰੱਖਣ ਲਈ ਇਹ ਸਜ਼ਾਵਾਂ ਦਿਤੀਆ ਜਾ ਰਹੀਆਂ ਹਨ।

ਜਾਣਕਾਰ ਸੂਤਰਾਂ ਅਨੁਸਾਰ ਹੁਣ ਤੱਕ ਵਿਸ਼ੇਸ਼ ਅਦਾਲਤਾਂ ਚਾਰ ਸੌ ਤੋਂ ਵੱਧ ਕੇਸਾਂ ਦਾ ਨਿਪਟਾਰਾ ਕਰ ਚੁੱਕੀਆ ਹਨ ਅਤੇ ਕਥਿਤ ਅਤਿਵਾਦੀਆ ਨੂੰ ਕੈਦ ਤੇ ਜੁਰਮਾਨੇ ਦੀਆਂ ਸਖਤ ਸਜ਼ਾਵਾਂ ਦਿਤੀਆਂ ਹਨ ਜਿਨ੍ਹਾਂ ਵਿਚੋਂ ਕਈ ਗਰੀਬ ਜੁਰਮਾਨਾ ਅਦਾ ਕਰਨ ਦੇ ਵੀ ਸਮਰੱਥ ਨਹੀਂ ਤੇ ਪ੍ਰੇਸ਼ਾਨ ਹਨ।

ਸਾਬਕ ਅਕਾਲੀ ਮੰਤਰੀ ਸ. ਸੁਖਦੇਵ ਸਿੰਘ ਢੀਂਡਸਾ ਨੇ ਇਕ ਮੁਲਾਕਾਤ ਵਿਚ ਦਸਿਆ ਕਿ ਸੁਪਰੀਮ ਕੋਰਟ ਵਿਚ ਸਿਖ ਨੌਜਵਾਨਾਂ ਦੀਆਂ ਅਪੀਲਾਂ ਦੀ ਪੈਰਵੀ ਲਈ ਅਕਾਲੀ ਦਲ ਵਲੋਂ ਵਕੀਲ ਨਿਸ਼ਚਿਤ ਕੀਤੇ ਗਏ ਹਨ ਜਿਨ੍ਹਾਂ ਨੂੰ ਵਿਸ਼ੇਸ਼ ਅਦਾਲਤਾਂ ਦੇ ਫੈਸਲੇ ਅਤੇ ਸਬੰਧਤ ਰਿਕਾਰਡ ਪਹੁੰਚਾਇਆ ਜਾ ਰਿਹਾ ਹੈ।

ਇਸੇ ਦੌਰਾਨ ਕਾਂਗਰਸ ਦੇ ਸਾਬਕਾ ਪਾਰਲੀਮੈਂਟ ਸ. ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਨੇ ਦੁਖ ਪ੍ਰਗਟ ਕੀਤਾ ਹੈ ਕਿ ਪਿੰਡਾਂ ਵਿਚ ਹਾਲੇ ਵੀ ਪੁਲੀਸ ਨਿਰਦੋਸ਼ ਲੋਕਾਂ ਨੂੰ ਤੰਗ ਕਰ ਰਹੀ ਹੈ ਅਤੇ ਜੇਕਰ ਸਥਿਤੀ ਇਸੇ ਤਰ੍ਹਾਂ ਰਹੀ ਤਾਂ ਪੰਜਾਕ ਦੀ ਨਵੀਂ ਪੀੜ੍ਹੀ ਬੇਕਾਰ, ਅਨਪੜ੍ਹ ਅਤੇ ਜਰਾਇਤ-ਪੇਸ਼ਾ ਹੀ ਬਣੇਗੀ।

ਇਕ ਮੁਲਾਕਾਤ ਵਿਚ ਉਨ੍ਹਾਂ ਉਕਤ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਪੰਜਾਬ ਅਤੇ ਸਿੱਖਾਂ ਦੇ ਭਵਿੱਖ ਨੂੰ ਸਾਹਮਣੇ ਰੱਖ ਕੇ ਕੇਂਦਰੀ ਸਰਕਾਰ ਨੂੰ ਛੇਤੀ ਹੀ ਕੋਈ ਫੈਸਲਾ ਕਰਨਾ ਚਾਹੀਦਾ ਹੈ। ਜੇਕਰ ਉਹ ਫੈਸਲਾ ਅਕਾਲੀ ਨੇਤਾ ਪ੍ਰਵਾਨ ਨਹੀਂ ਕਰਨਗੇ ਤਾ ਉਹ ਸਿੱਖਾ ਤੋਂ ਨਿਖੜ ਕੇ ਰਹਿ ਜਾਣਗੇ, ਕਿਉਂਕਿ ਪੰਜਾਬੋਂ ਬਾਹਰ ਦੇ ਸਿਖ ਬੇਹੱਦ ਦੁਖੀ ਹਨ।

ਉਨ੍ਹਾ ਅਨੁਸਾਰ ਪੰਜਾਬ ਵਿਚ ਹਾਲੇ ਲੋਕ ਪ੍ਰਿਯ ਸਰਕਾਰ ਬਣਨ ਦੀ ਕੋਈ ਸੰਭਾਵਨਾ ਨਹੀਂ ਅਤੇ ਨਾ ਹੀ ਨਿਕਟ ਭਵਿੱਖ ਵਿਚ ਚੋਣਾਂ ਹੋਣ ਦੀ ਆਸ ਹੈ। ਇਸ ਸਬੰਧੀ ਅਪਰੈਲ ਵਿਚ ਹੀ ਕੋਈ ਝਲਕ ਦਿਖਾਈ ਦੇਵੇਗੀ।

---

ਨਰਮ, ਮਲੈਮ ਧੂਏਂ ਦਾ ਪਿੰਡਾ
ਜਿਉਂ ਪਤਲੋ ਦੀ ਕਾਇਆ।

# ਸ਼੍ਰੀਮਤੀ ਰਾਮ ਕੌਰ ਕੈਰੋਂ ਦਾ ਪੀ. ਜੀ. ਆਈ. ਵਿਚ ਦੇਹਾਂਤ

**ਚੰਡੀਗੜ੍ਹ:** ਪੰਜਾਬ ਦੇ ਸਵਰਗੀ ਮੁਖ ਮੰਤਰੀ ਪਰਤਾਪ ਸਿੰਘ ਕੈਰੋਂ ਦੀ ਪਤਨੀ ਸਮਤੀ ਰਾਮ ਕੌਰ ਕੈਰੋਂ (84) ਦੀ ਪੀ. ਜੀ. ਆਈ. ਵਿਚ ਮੌਤ ਹੋ ਗਈ। ਉਨ੍ਹਾਂ ਦਾ ਅੰਤਮ ਸਸਕਾਰ ਜ਼ਿਲਾ ਅੰਮ੍ਰਿਤਸਰ 'ਚ ਉਨ੍ਹਾਂ ਦੇ ਪਿੰਡ ਕੈਰੋਂ ਵਿਖੇ ਕੀਤਾ ਗਿਆ।

ਸ਼੍ਰੀਮਤੀ ਰਾਮ ਕੌਰ ਪਿਛਲੇ ਅੱਠਾਂ ਸਾਲਾਂ ਤੋਂ ਕੈਂਸਰ ਨਾਲ ਪੀੜਤ ਸਨ ਅਤੇ ਤਿੰਨ ਮਹੀਨੇ ਪਹਿਲਾਂ ਉਨ੍ਹਾ ਨੂੰ ਪੀ. ਜੀ. ਆਈ. ਵਿਚ ਦਾਖਲ ਕਰਵਾਇਆ ਗਿਆ ਸੀ। ਉਨ੍ਹਾਂ ਦੇ ਦੋ ਪੁੱਤਰ ਅਤੇ ਇਕ ਧੀ ਹਨ, ਜਿਨ੍ਹਾਂ ਵਿਚੋਂ ਇਕ ਸੁਰਿੰਦਰ ਸਿੰਘ ਕੈਰੋਂ ਐਮ. ਐਲ. ਏ. ਵੀ ਹਨ। ਦੂਜਾ ਪੁੱਤਰ ਗੁਰਿੰਦਰ ਸਿੰਘ ਸਨਅਤਕਾਰ ਹੈ।

ਉਹ ਪਰਤਾਪ ਸਿੰਘ ਕੈਰੋਂ ਦੇ ਕਤਲ ਤੋਂ ਦੋ ਸਾਲ ਮਗਰੋਂ 1967 ਵਿਚ ਸਰਹਾਲੀ ਹਲਕੇ ਤੋਂ ਪੰਜਾਬ ਵਿਧਾਨ ਸਭਾ ਲਈ ਵੀ ਚੁਣੇ ਗਏ ਸਨ। ਇਸ ਤੋਂ ਪਹਿਲਾਂ ਉਨ੍ਹਾਂ ਆਪਣਾਂ ਜੀਵਨ ਕੈਰੋਂ ਪਿੰਡ ਵਿਚ ਅਧਿਆਪਕਾ ਦੇ ਤੌਰ 'ਤੇ ਕੰਮ ਕਰਦੇ ਹੋਏ ਬਿਤਾਇਆ। ਉਨ੍ਹਾਂ ਦੇ ਪਿਤਾ ਮੋਗਾ ਲਾਗਲੇ ਪਿੰਡ ਮਲਿਕਾ ਦੇ ਸਰਦਾਰ ਸਾਮਾ ਸਿੰਘ, ਸਿੰਘ ਸਭਾ ਲਹਿਰ ਵਿਚ ਸਰਗਰਮ ਸਨ। ਉਹ ਪਰਤਾਪ ਸਿੰਘ ਕੈਰੋਂ ਦੇ ਪਿਤਾ ਸਰਦਾਰ ਨਿਹਾਲ ਸਿੰਘ ਦੇ ਮਿੱਤਰ ਸਨ ਅਤੇ ਮਿੱਤਰਚਾਰੇ ਕਾਰਨ ਹੀ ਪਰਤਾਪ ਸਿੰਘ ਅਤੇ ਰਾਮ ਕੌਰ ਦੀ ਸ਼ਾਦੀ ਹੋਈ ਸੀ।

# ਗੁਲਿਆਨੀ ਅਗਵਾਕਾਰਾਂ ਦੇ ਕੇਸ ਦੀ ਪੈਰਵਾਈ ਕਰਨਗੇ।

**ਚੰਡੀਗੜ੍ਹ:** ਭਾਰਤੀ ਹਵਾਈ ਜਹਾਜ਼ ਦੇ ਅਗਵਾਕਾਰਾਂ ਦੇ ਕੇਸ ਦੀ ਅਜਮੇਰ ਦੀ ਵਿਸ਼ੇਸ਼ ਅਦਾਲਤ ਵਿਚ ਪੈਰਵੀ ਕਰਨ ਲਈ ਸ. ਬਲਵੰਤ ਸਿੰਘ ਗੁਲਿਆਨੀ ਅਜਮੇਰ ਜਾਣਗੇ।

ਅਜਮੇਰ ਦੀ ਵਿਸ਼ੇਸ਼ ਅਦਾਲਤ ਦੇ ਜੱਜ ਸ੍ਰੀ ਗੋਡਾਰਾ ਦੀ ਅਦਾਲਤ ਵਿਚ ਭਾਰਤੀ ਹਵਾਈ ਜਹਾਜ਼ ਦੇ ਅਗਵਾਕਾਰਾਂ ਦੇ ਕੇਸ ਦੀ ਸੁਣਵਾਈ 19 ਮਾਰਚ ਨੂੰ ਹੋਣੀ ਹੈ।

ਅਗਵਾਗਕਾਰਾਂ ਨੂੰ ਪਿਛਲੇ ਮਹੀਨੇ ਚੰਡੀਗੜ੍ਹ ਦੀ ਜੇਲ੍ਹ ਤੋਂ ਅਜਮੇਰ ਜੇਲ੍ਹ ਵਿਚ ਲਿਜਾਇਆ ਗਿਆ ਸੀ। ਇਨ੍ਹਾ ਵਿਚੋਂ 6 ਚੰਡੀਗੜ੍ਹ ਦੇ ਨੌਜਵਾਨ ਹਨ।

---

ਚੰਨ ਦਾ ਟੁਕੜਾ, ਰਾਤ ਬਲੰਬਰੀ।
ਬਰਫਾਂ ਦੀ ਰੁੱਤ, ਮਾਹ ਦਸੰਬਰੀ।

## ਲਾਲਾ ਹਰਦਿਆਲ ਨੂੰ ਸਰਧਾਂਜਲੀ

**ਜਲੰਧਰ:** (ਵਿਸ਼ੇਸ਼ ਪ੍ਰਤੀਨਿਧ) — ਇਥੇ ਦੇਸ਼ ਭਗਤ ਯਾਦਗਾਰ ਹਾਲ ਵਿਚ ਇਨਕਲਾਬੀ ਨੇਤਾ ਲਾਲਾ ਹਰਦਿਆਲ ਨੂੰ ਉਨ੍ਹਾਂ ਦੀ ਜਨਮ ਸ਼ਤਾਬਦੀ ਦੇ ਮੌਕੇ ਸਰਧਾਂਜਲੀ ਭੇਟ ਕਰਨ ਲਈ ਸਮਾਗਮ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਸੁਤੰਤਰਤਾ ਸੰਗਰਾਮੀ ਬਾਬਾ ਪ੍ਰਿਥਵੀ ਸਿੰਘ ਆਜ਼ਾਦ ਨੇ ਕੀਤੀ।

# ਦੇਸ਼ ਧ੍ਰੋਹੀ ਦੇ ਕੇਸ 'ਚ ਦੋ ਬੰਦਿਆਂ ਨੂੰ ਇਕ ਸਾਲ ਦੀ ਕੈਦ

**ਚੰਡੀਗੜ੍ਹ:** ਵਿਸ਼ੇਸ਼ ਅਦਾਲਤਾ ਦੇ ਜੱਜ ਸ੍ਰੀ ਏ. ਪੀ. ਚੌਧਰੀ ਨੇ ਮੋਹਾਲੀ ਦੇ ਦੋ ਵਿਅਕਤੀਆ — ਬਲਵੰਤ ਸਿਘ ਅਤੇ ਭੂਪਿੰਦਰ ਸਿੰਘ ਨੂੰ ਇਕ ਸਾਲ ਲਈ ਸਖਤ ਕੈਦ ਦੀ ਸਜ਼ਾ ਸੁਣਾਈ ਹੈ।

ਮਾਣਯੋਗ ਜੱਜ ਨੇ ਹਰ ਇਕ ਨੂੰ ਪੰਜ ਸੌ ਰੁਪਏ ਜੁਰਮਾਨਾ ਕੀਤਾ ਹੈ। ਜੇ ਕੋਸ਼ੀ ਜੁਰਮਾਨਾ ਨਾ ਅਦਾ ਕਰ ਸਕੇ ਤਾਂ ਉਨ੍ਹਾਂ ਨੂੰ ਤਿੰਨ ਮਹੀਨੇ ਦੀ ਹੋਰ ਸਖਤ ਕੈਦ ਭੁਗਤਣੀ ਪਏਗੀ।

ਇਹ ਪਹਿਲੀ ਵਾਰ ਹੈ ਜਦੋਂ ਦੋਸ਼ੀਆਂ ਨੂੰ ਦੇਸ ਧਰੋਹੀ ਦੇ ਇਜਲਾਮ ਹੇਠ ਸਜ਼ਾ ਦਿਤੀ ਗਈ ਹੋਵੇ।

ਉਕਤ ਵਿਅਕਤੀਆ ਵਿਰੁਧ ਇਹ ਦੋਸ਼ ਹੈ ਕਿ ਉਨ੍ਹਾਂ ਨੇ 31 ਅਕਤੂਬਰ 1984 ਨੂੰ ਸ੍ਰੀਮਤੀ ਗਾਂਧੀ ਦੇ ਕਤਲ ਵਾਲੇ ਦਿਨ 17 ਸੈਕਟਰ ਵਿਚ ਇਤਰਾਜ਼ਯੋਗ ਨਾਅਰੇ ਲਾਏ। ਸ੍ਰੀ ਚੌਧਰੀ ਨੇ ਕਿਹਾ ਕਿ ਦੋਸ਼ੀਆਂ ਨੇ ਇਹ ਨਾਅਰੇ ਉਸ ਸਮੇਂ ਲਾਏ ਜਦੋਂ ਦੇਸ਼ ਵਿਚ ਗੈਰਯਕੀਨੀ ਵਾਲੀ ਹਾਲਤ ਬਣੀ ਹੋਈ ਸੀ ਅਤੇ ਲੋਕਾਂ ਦੇ ਜਜ਼ਬਾਤ ਸਿਖਰ 'ਤੇ ਪੁੱਜੇ ਹੋਏ ਸਨ। ਅਜਿਹੇ ਸਮੇਂ ਦੋਸ਼ੀਆਂ ਦੀ ਕਾਰਵਾਈ ਦੰਗਿਆ ਨੂੰ ਜਨਮ ਦੇ ਸਕਦੀ ਸੀ। ਇਸ ਲਈ ਉਹ ਇਸ ਜੁਰਮ ਕਰਕੇ ਦੋਸ਼ੀ ਹਨ ਅਤੇ ਉਨ੍ਹਾ ਨੂੰ ਸਜ਼ਾ ਦਿਤੀ ਗਈ ਹੈ।

# ਹਰਭਜਨ ਸਿੰਘ ਦੀ ਜੁਡੀਸ਼ਲ ਰਿਮਾਂਡ

**ਫਿਰੋਜ਼ਪੁਰ:** ਪੰਜਾਬ ਜਨਤਾ ਪਾਰਟੀ ਦੇ ਪ੍ਰਧਾਨ ਹਰਭਜਨ ਸਿੰਘ ਦਾ ਜੁਡੀਸ਼ਲ ਮੈਜਿਸਟਰੇਟ ਦਰਜਾ ਅਵੱਲ ਜਸਪਾਲ ਸਿੰਘ ਨੇ 15 ਮਾਰਚ ਤਕ ਜੁਡੀਸ਼ਲ ਰਿਮਾਂਡ ਦਿਤਾ ਹੈ।

ਉਨ੍ਹਾਂ ਨੂੰ ਕਲ੍ਹ ਜ਼ਿਲਾ ਫਿਰੋਜਪੁਰ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਉਨ੍ਹਾਂ ਉਤੇ ਪਿੰਡ ਚੱਕ ਵੈਰੋਂ ਕੇ ਵਿਚ ਕਥਿਤ ਤੌਰ 'ਤੇ ਭੜਕਾਊ ਭਾਸ਼ਨ ਦੇਣ ਦਾ ਦੋਸ਼ ਹੈ।




The cultural life of Punjab, and indeed the whole of India, has been deeply affected by the revolutionary movement which exploded in Naxalbari in 1967. Thousands upon thousands of people found hope and inspiration in the armed uprising of the peasantry in northern Bengal. At last the way seemed open for genuine independence and genuine democracy for the masses in India. The movement has left an indelible mark on the culture of Indian people: the aspirations generated by Naxalbari continue to live and spread through literature, drama, music, and cinema, as they shape the ongoing struggles of the people.

Gursharan Singh and the Amritsar Natak Kala Kendar are in the forefront of the progressive cultural movement in Punjab. They go from village to village to perform plays and sing songs which confront people with their oppressed condition, remind them of their heritage of struggle, and challenge them to change their lives. This selection of their plays was filmed during their tour of North America in 1983.

Produced by
The Indian People's Association in North America
**[IPANA]**
BOX 69646 Station "K", VANCOUVER, B.C. CANADA

TWO PLAYS BY
**SARDAR GURSHARAN SINGH**
OF THE
**AMRITSAR NATAK KALA KENDAR**



IPANA PRODUCTIONS
OF
**MITTI DA MUL**
**CHANDNI CHOWK TON SARHAND TAK**

ਸ: ਗੁਰਸ਼ਰਨ ਸਿੰਘ ਦੇ ਦੋ ਡਰਾਮੇ
ਮਿਟੀ ਦਾ ਮੁੱਲ ਤੇ ਚਾਂਦਨੀ ਚੌਕ ਤੋਂ ਸਰਹੰਦ ਤੱਕ
ਇਪਾਨਾ ਪ੍ਰੋਡਕਸ਼ਨਜ਼

Televison version directed for IPANA by
**DR. HARI SHARMA**
Produced at the Television studios of
SIMON FRASER UNIVERSITY

ਸ: ਗੁਰਸ਼ਰਨ ਸਿੰਘ ਦੇ ਸਾਹਿਤਕ ਜੀਵਨ ਬਾਰੇ ਕੈਨੇਡਾ ਅਤੇ ਅਮਰੀਕਾ ਦੇ ਲੋਕ ਬਹੁਤ ਕੁਝ ਜਾਣਦੇ ਹਨ ਜੋ ਕਿ ਭੂਮਿਕਾ ਦਾ ਮੁਥਾਜ ਨਹੀਂ। ਆਪ 1983 ਵਿਚ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਸਾਰੀ ਡਰਾਮਾ ਮੰਡਲੀ ਨੂੰ ਲੈ ਕੇ ਕੈਨੇਡਾ ਅਮਰੀਕਾ ਤੇ ਇੰਗਲੈਂਡ ਵਿਚ ਦੌਰਾ ਕਰਕੇ ਗਏ ਸਨ। ਇਹ ਵੀਡੀਓ ਟੇਪ ਸਾਈਮਨ ਫਰੇਜਰ ਯੂਨੀਵਰਸਿਟੀ ਦੇ ਸਟੂਡੀਓ ਵਿਚ ਤਿਆਰ ਕੀਤੀ ਗਈ ਹੈ। ਦੋ ਡਰਾਮੇ ਇਥੇ ਹੀ ਫਿਲਮਾਏ ਗਏ ਹਨ ਅਤੇ ਸੀਨਾਂ ਦੇ ਨਾਲ ਨਾਲ ਡਾਇਰੈਕਟਰ ਡਾ: ਹਰੀ ਸ਼ਰਮਾ ਨੇ ਪੰਜਾਬੀ ਮਾਹੌਲ ਪੈਦਾ ਕਰਨ ਲਈ ਆਪਣਾ ਪੂਰਾ ਟਿੱਲ ਲਾ ਦਿੱਤਾ ਹੈ। ਕੁਕੜਾਂ ਦੀ ਬਾਂਗ ਦੀ ਅਵਾਜ਼ ਸੁਣ ਕੇ ਪੰਜਾਬ ਦੇ ਪਿੰਡ ਦੀ ਸਵੇਰ ਦਾ ਨਜ਼ਾਰਾ ਅੱਖਾਂ ਸਾਹਮਣੇ ਆ ਜਾਂਦਾ ਹੈ। ਇਸ ਵੀਡੀਓ ਟੇਪ ਨੂੰ Original ਵਿਚ ਹੀ ਇਪਾਨਾ ਵਲੋਂ ਵੇਚਿਆ ਜਾ ਰਿਹਾ ਹੈ। ਸੋ ਇਹ ਫਿਲਮ ਨਾਲੋਂ ਘੱਟ ਕੀਮਤ ਤੇ ਵੇਚੀ ਜਾ ਰਹੀ ਹੈ। ਡਾਕ ਰਾਹੀਂ ਮੰਗਵਾਉਣ ਲਈ ਲਿਖੋ ਜਾਂ ਫੋਨ ਕਰੋ:

ਹਰੀ ਸ਼ਰਮਾ 420-2972
ਸਤਿੰਦਰ ਸਿੱਧੂ 856-5993
OR
IPANA
BOX 69646
Stn. 'K' Vancouver,
B.C. VANADA

# ਅਤਿਵਾਦੀਆਂ ਨੂੰ ਮਦਦ ਨਹੀਂ — ਜ਼ਿਆ

**ਲੰਦਨ:** (ਪੀ. ਟੀ. ਆਈ., ਯੂ. ਐਨ. ਆਈ.) — ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਜ਼ਿਆ ਉਲ ਹੱਕ ਨੇ ਇਨ੍ਹਾਂ ਦੋਸ਼ਾਂ ਨੂੰ ਮਨਘੜਤ ਦੱਸਿਆ ਹੈ ਕਿ ਪਾਕਿਸਤਾਨ ਪੰਜਾਬ ਵਿਚਲੇ ਸਿੱਖ ਅਤਿਵਾਦੀਆਂ ਦੀ ਮਦਦ ਕਰ ਰਿਹਾ ਹੈ ਅਤੇ ਕਿਹਾ ਹੈ ਕਿ ਉਨ੍ਹਾਂ ਦੇ ਦੇਸ਼ ਵਲੋਂ ਅਜਿਹਾ ਕੀਤਾ ਜਾਣਾ ਗੈਰ-ਇਖਲਾਕੀ ਹੈ।

ਬਰਤਾਨੀਆ ਦੀ ਇਕ ਕਮਰਸ਼ੀਅਲ ਟੈਲੀਵੀਜ਼ਨ ਕੰਪਨੀ ਵਲੋਂ ਇਥੇ ਟ੦ਲੀਕਾਸਟ ਕੀਤੇ ਗਏ ਇੰਟਰਵਿਊ ਵਿਚ ਜਨਰਲ ਜ਼ਿਆ ਨੇ ਕਿਹਾ ਕਿ ਪਾਕਿਸਤਾਨ ਵਿਚ ਸਿੱਖ ਅਤਿਵਾਦੀਆਂ ਲਈ ਕੋਈ ਸਿਖਲਾਈ ਕੈਂਪ ਮੌਜੂਦ ਨਹੀਂ।

ਭਾਰਤੀ ਪੰਜਾਬ ਵਿਚ ਦੋ ਲੱਖ ਤੋਂ ਵਧ ਸਿੱਖ ਸਾਬਕਾ ਫੌਜੀ ਮੌਜੂਦ ਹਨ ਜਿਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਿਖਲਾਈ ਦੀ ਲੋੜ ਨਹੀਂ। ਉਨ੍ਹਾਂ ਸਪਸ਼ਟ ਕੀਤਾ ਕਿ ਪਾਕਿਸਤਾਨ ਵਲੋਂ ਕਿਸੇ ਨੂੰ ਵੀ ਸਿਖਲਾਈ ਦਿਤੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਜਨਰਲ ਜ਼ਿਆ ਅਨੁਸਾਰ ਪਾਕਿਸਤਾਨ ਆਪਣੇ ਅੰਦਰੂਨੀ ਮਾਮਲਿਆਂ ਵਿਚ ਵਿਦੇਸ਼ੀ ਦਖਲ ਨੂੰ ਬਰਦਾਸ਼ਤ ਨਹੀਂ ਕਰਦਾ। ਅਜਿਹੀ ਸਰਤ ਵਿਚ ਉਸ ਵਲੋਂ ਕਿਸੇ ਹੋਰ ਮੁਲਕ ਦੇ ਅੰਦਰੂਨੀ ਮਾਮਲਿਆ ਵਿਚ ਦਖਲ ਦਿਤੇ ਜਾਣਾ ਗੈਰ-ਇਖਲਾਕੀ ਹੋਏਗਾ।

ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਰਕਾਰ ਨੇ "ਭਾਰਤ ਦੇ ਸਮਾਜ ਦੇ ਉਸ ਵਰਗ ਪ੍ਰਤੀ ਜ਼ਰਾ ਵੀ ਹਮਦਰਦੀ ਨਹੀਂ ਜਤਾਈ ਜਿਸ ਨੇ ਭਾਰਤ ਸਰਕਾਰ ਵਿਰੁਧ ਹਥਿਆਰ ਚੁੱਕੇ ਹੋਏ ਹਨ।"

ਇੰਟਰਵਿਊ ਦੌਰਾਨ ਜਨਰਲ ਜ਼ਿਆ ਨੇ ਇਨ੍ਹਾਂ ਖਬਰਾਂ ਦਾ ਖੰਡਨ ਕੀਤਾ ਕਿ ਪਾਕਿਸਤਾਨ ਨੇ ਆਪਣੀ ਭੂਮੀ 'ਤੇ ਅਮਰੀਕਾ ਨੂੰ ਫੌਜੀ ਅੱਡੇ ਕਾਇਮ ਕਰਨ ਦੀ ਇਜਾਜ਼ਤ ਦਿਤੀ ਹੋਈ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਸਰਕਾਰ ਨੇ ਪਾਕਿਸਤਾਨ ਸਰਕਾਰ ਤੋਂ ਅਜਿਹੀ ਕੋਈ ਇਜਾਜ਼ਤ ਨਹੀਂ ਮੰਗੀ ਅਤੇ ਨਾ ਹੀ ਕਦੇ ਕੋਈ ਅਜਿਹੀ ਇਛਾ ਦਾ ਇਜ਼ਹਾਰ ਕੀਤਾ ਹੈ। ਕੀਤੀਆਂ ਹਾਲੀਆ ਸੰਵਿਧਾਨਕ ਤਬਦੀਲੀਆਂ ਨੂੰ ਮਾਨਤਾ ਦਿਤੀ ਹੈ ਜਾ ਨਹੀਂ, ਪਾਕਿਸਤਾਨੀ ਸਦਰ ਦਾ ਜਉਾਬ ਸੀ ਕਿ ਅਮਰੀਕਾ ਸਰਕਾਰ ਨੂੰ ਪਾਕਿਸਤਾਨ ਦੀ ਸਿਆਸੀ ਪ੍ਰਣਾਲੀ ਵਿਚ ਦਖਲ ਦੇਣ ਦਾ ਕੋਈ ਹੱਕ ਨਹੀਂ। ਉਨ੍ਹਾਂ ਦੇ ਕਹਿਣ ਅਨੁਸਾਰ, "ਅਸੀਂ ਉਹੀਂ ਕੁਝ ਕਰਦੇ ਹਾਂ, ਜੋ ਸਾਨੂੰ ਆਪਣੇ ਲਈ ਚੰਗੇਰਾ ਭਾਸਦਾ ਹੈ।"

# ਸ੍ਰੀ ਅਰਜਨ ਸਿੰਘ ਪੰਜਾਬ ਦੇ ਨਵੇਂ ਗਵਰਨਰ

**ਨਵੀਂ ਦਿਲੀ:** ਮੱਧ ਪ੍ਰਦੇਸ਼ ਦੇ ਸਾਬਕਾ ਮੁਖ ਮੰਤਰੀ ਸ੍ਰੀ ਅਰਜਨ ਸਿੰਘ ਨੂੰ ਪੰਜਾਬ ਦਾ ਨਵਾਂ ਗਵਰਨਰ ਨਿਯੁਕਤ ਕੀਤਾ ਗਿਆ ਹੈ। ਪੰਜਾਬ ਵਿਚ ਅਕਤੂਬਰ 1983 ਤੋਂ ਪਿਛੋਂ ਇਹ ਤੀਜੀ ਵਾਰ ਹੈ ਕਿ ਪੰਜਾਬ ਦੇ ਗਵਰਨਰ ਦੀ ਤਬਦੀਲੀ ਕੀਤੀ ਗਈ ਹੈ। ਇਸ ਸਮੇਂ ਸ੍ਰੀ ਸਤਾਰਵਾਲਾ ਪੰਜਾਬ ਦੇ ਗਵਰਨਰ ਵਲੋਂ ਕੰਮ ਕਰ ਰਹੇ ਸਨ। ਇਸ ਤੋਂ ਪਹਿਲਾਂ ਸ੍ਰੀ ਪਾਂਡੇ ਨੂੰ ਹਰਿਮੰਦਰ ਸਾਹਿਬ ਦੇ ਹਮਲੇ ਤੋਂ ਪਿਛੋਂ ਬਰਤਰਫ ਕਰ ਦਿਤਾ ਗਿਆ ਸੀ।

### ● ਇਨਾਮ

ਇਕ ਕੰਜੂਸ ਵਿਅਕਤੀ ਦੀ ਸ਼ਾਦੀ ਹੋ ਗਈ ਤਾਂ ਦੂਜੇ ਦਿਨ ਆਪਣੀ ਬੀਵੀ ਨੂੰ ਇਸ ਸ਼ਰਤ 'ਤੇ ਇਕ ਰੁਪਿਆ ਇਨਾਮ ਦਿੱਤਾ ਕਿ ਉਹ ਰਾਤ ਦਾ ਖਾਧੇ ਬਿਨਾਂ ਸੌਂ ਜਾਵੇ। ਬੀਵੀ ਖਾਣਾ ਖਾਧੇ ਬਿਨਾਂ ਸੌਂ ਗਈ ਤੇ ਉਹਨੇ ਰੁਪਿਆ ਚੁਰਾ ਲਿਆ ਤੇ ਸਵੇਰੇ ਬੀਵੀ ਨੂੰ ਇਹ ਆਖ ਕੇ ਨਾਸ਼ਤਾ ਦੇਣੋਂ ਇਨਕਾਰ ਕਰ ਦਿੱਤਾ ਕਿ ਉਹ ਬੇਹੱਦ ਗੈਰ-ਜ਼ਿੰਮੇਵਾਰ ਔਰਤ ਹੈ ਕਿਉਂਕਿ ਉਹ ਇਕ ਰੁਪਏ ਦੀ ਸੁਰੱਖਿਆ ਨਹੀਂ ਕਰ ਸਕਦੀ।

---

ਉਨ੍ਹਾਂ ਦਾਅਵਾ ਕੀਤਾ ਕਿ ਹਾਲੀਆਂ ਚੋਣਾਂ ਰਾਹੀਂ ਉਨ੍ਹਾਂ ਨੇ ਦੇਸ਼ ਦੀ ਫੌਜੀ ਹਕੂਮਤ ਨੂੰ ਗੈਰ-ਫੌਜੀ ਜਮਹੂਰੀ ਨਿਜ਼ਮ ਦਾ ਰੂਪ ਦੇ ਦਿਤਾ ਹੈ ਅਤੇ ਉਹ ਇਸ ਨਿਜ਼ਾਮ ਦੇ ਸੰਵਿਧਾਨਕ ਸਦਰ ਬਣੇ ਰਹਿਣਗੇ।

ਜਦੋਂ ਉਨ੍ਹਾਂ ਦਾ ਧਿਆਨ ਇਸ ਤੱਥ ਵਲ ਖਿਚਿਆ ਗਿਆ ਕਿ ਨਵੇਂ ਸੰਵਿਧਾਨ ਅਧੀਨ ਵੀ ਉਨ੍ਹਾਂ ਦੇ ਅਧਿਕਾਰ ਅਸੀਮਤ ਹਨ ਅਤੇ ਇਥੋਂ ਤਕ ਕਿ ਉਹ ਕੌਮੀ ਅਸੈਂਬਲੀ ਵੀ ਭੰਗ ਕਰ ਸਕਦੇ ਹਨ, ਤਾਂ ਜਨਰਲ ਜ਼ਿਆ ਦਾ ਜਵਾਬ ਸੀ ਕਿ ਭਾਰਤ ਦੇ ਰਾਸ਼ਟਰਪਤੀ ਨੂੰ ਵੀ ਅਜਿਹੇ ਹੱਕ ਹਾਸਲ ਹਨ।

ਉਨ੍ਹਾਂ ਇਹ ਸਪੱਸ਼ਟ ਭਰੋਸਾ ਦੇਣ ਤੋਂ ਇਨਕਾਰ ਕਰ ਦਿਤਾ ਕਿ ਭਵਿੱਖ ਵਿਚ ਉਹ ਆਪਣੇ ਆਪ ਸੰਵਿਧਾਨ ਵਿਚ ਹੋਰ ਸੋਧਾਂ ਨਹੀਂ ਕਰਨਗੇ। ਉਨ੍ਹਾਂ ਦੇ ਕਹਿਣ ਅਨੁਸਾਰ ਜੇਕਰ ਦੇਸ਼ ਦੀ ਸਥਿਤੀ ਨੂੰ ਮੁਖ ਰੱਖਦਿਆ ਲੋੜ ਪਈ ਤਾਂ ਉਹ ਹੋਰ ਸੰਵਿਧਾਨਕ ਸੋਧਾਂ ਕਰਨ ਤੋਂ ਝਿਜਕਣਗੇ ਨਹੀਂ। ਪਰ ਨਾਲ ਹੀ ਉਨ੍ਹਾਂ ਕਿਹਾ ਕਿ ਉਹ ਇਹ ਕੁਝ ਓਨੀ ਦੇਰ ਤਕ ਕਰ ਸਕਣਗੇ ਜਦੋਂ ਤਕ ਦੇਸ਼ 'ਚੋਂ ਮਾਰਸ਼ਲ ਲਾਅ ਹਟਾਇਆ ਨਹੀਂ ਜਾਂਦਾ।

ਇਹ ਪੁੱਛੇ ਜਾਣ 'ਤੇ ਕਿ ਮਾਰਸ਼ਲ ਲਾਅ ਕਦੋਂ ਹਟਾਇਆ ਜਾਏਗਾ, ਜਨਰਲ ਦਾ ਜਵਾਬ ਸੀ: "ਕੁਝ ਕੁ ਮਹੀਨਿਆਂ ਵਿਚ।"

# ਰੂਸ ਦੇ ਪ੍ਰਧਾਨ ਚਰਨੈਂਕੋ ਦੀ ਮੌਤ ਪਿਛੋਂ ਗੋਰਬਾਚਾਫ਼ ਰੂਸ ਦੇ ਨਵੇਂ ਲੀਡਰ ਬਣੇ



**ਮਾਸਕੋ:** ਰੂਸ ਦੇ 73 ਸਾਲਾ ਪ੍ਰਧਾਨ ਕੋਨਸਟੈਨਟੀਨ ਚਰਨੈਂਕੋ ਦੀ ਐਤਵਾਰ ਨੂੰ ਅਚਾਨਕ ਮੌਤ ਪਿਛੋਂ ਕੁਝ ਘੰਟਿਆਂ ਅੰਦਰ ਹੀ ਪੋਲਿਟ ਬਿਊਰੋ ਨੇ 54 ਸਾਲਾਂ ਦੇ ਆਰਥਿਕ ਮਾਮਲਿਆਂ ਅਤੇ ਖੇਤੀ ਬਾੜੀ ਦੇ ਮਾਹਿਰ ਮੈਖਾਇਲ ਗੋਰਬਾਚਾਫ ਨੂੰ ਸੋਵੀਅਤ ਕਮਿਊਨਿਸਟ ਪਾਰਟੀ ਦਾ ਜਨਰਲ ਸਕੱਤਰ ਚੁਣ ਲਿਆ ਗਿਆ ਹੈ।

ਐਤਵਾਰ ਨੂੰ ਸ੍ਰੀ ਚਰਨੈਂਕੋ ਸ਼ਾਹ ਦੀ ਬੀਮਾਰੀ ਹੋਣ ਕਾਰਨ ਪ੍ਰਲੋਕ ਸਿਧਾਰ ਗਏ।

ਬੁੱਧਵਾਰ 13 ਮਾਰਚ ਨੂੰ ਉਨ੍ਹਾਂ ਦਾ ਸਸਕਾਰ ਹੋਣ ਸਮੇਂ ਕੈਨੇਡਾ ਦੇ ਪ੍ਰਧਾਨ ਮੰਤਰੀ ਮਿ: ਮਰੂਨੀ, ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ, ਇੰਗਲੈਂਡ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਮਾਰਗਰੇਟ ਥੈਚਰ ਅਤੇ ਹੋਰ ਸੰਸਾਰ ਦੇ ਮੁੱਖ ਲੀਡਰ ਸ਼ਾਮਲ ਸਨ।

# ਮਾਰਸ਼ਲ ਲਾਅ

ਢਾਕਾ, (ਯੂ. ਐਨ. ਆਈ.) —ਬੰਗਲਾ ਦੇਸ਼ ਦੇ ਰਾਸ਼ਟਰਪਤੀ ਜਨਰਲ ਐਚ. ਐਮ. ਇਰਸ਼ਾਦ ਨੇ ਅਜ ਦੇਸ਼ ਵਿਚ ਮਾਰਸ਼ਲ ਲਾਅ ਮੁੜ ਲਾਗੂ ਕਰ ਕੇ ਰਾਜਨੀਤਕ ਸਰਗਰਮੀਆਂ 'ਤੇ ਪਾਬੰਦੀ ਲਗਾ ਦਿਤੀ ਹੈ।

ਦਸੰਬਰ ਵਿਚ ਮਾਰਸ਼ਲ ਲਾਅ ਹਟਾਇਆ ਗਿਆ ਸੀ।

# ਵਿਦੇਸ਼ੀ ਮਾਲ ਫੜਿਆ

**ਅੰਮ੍ਰਿਤਸਰ — (ਵਿਸ਼ੇਸ਼ ਪ੍ਰਤੀਨਿਧ)** — ਕਸਟਮ ਅਧਿਕਾਰੀਆਂ ਨੇ ਬੀਤੇ ਦਿਨ ਇਥੋਂ ਦੀਆਂ ਵੀਡੀਓ ਲਾਇਬਰੇਰੀਆਂ ਉਪਰ ਛਾਪੇ ਮਾਰੇ ਅਤੇ 2.60 ਲੱਖ ਰੁਪਏ ਦਾ ਨਜਾਇਜ਼ ਮਾਲ ਫੜਿਆ।

ਸਹਾਇਕ ਕੁਲੈਕਟਰ ਵਾਈ. ਪੀ. ਗੁਪਤਾ ਅਨੁਸਾਰ 15 ਰਿਹਾਇਸ਼ੀ ਤੇ ਕਾਰੋਬਾਰੀ ਅਦਾਰਿਆਂ 'ਤੇ ਇਕੋ ਸਮੇਂ ਛਾਪੇ ਮਾਰੇ ਗਏ ਅਤੇ ਵੀਡੀਓ ਕੈਸਟ ਰਿਕਾਰਡਰ, ਕਲਰ ਟੀ. ਵੀ., ਟੂ-ਇਨ—ਵਨ ਅਤੇ ਵੀਡੀਓ ਕੈਸਟਾ ਫੜੀਆ। ਜ਼ਿਲੇ ਵਿਚ ਆਪਣੇ ਕਿਸਮ ਦਾ ਇਹ ਪਹਿਲਾ ਛਾਪਾ ਸੀ।


ਭਾਰਤ ਜਾਣ ਦੀ ਤਿਆਰੀ ਹੈ?

**East West Travel Ltd.**

**ਹਵਾਈ ਟਿਕਟਾਂ**

ਸਾਥੋਂ ਹਰ ਏਅਰਲਾਈਨ ਦੀਆਂ ਹਵਾਈ ਟਿਕਟਾਂ ਮਿਲਦੀਆਂ ਹਨ।



Special for India, Pakistan, Fiji and West Indies.

**Mike Brar**

ਭਾਰਤ, ਪਾਕਿਸਤਾਨ, ਦੁਨੀਆਂ ਦੇ ਕਿਸੇ ਵੀ ਕੋਨੇ ਜਾਣ ਵਾਸਤੇ ਟਿਕਟਾਂ ਲਈ ਆਪਣੇ ਹਰਮਨ ਪਿਆਰੇ ਈਸਟ ਵੈਸਟ ਟਰੈਵਲ ਨੂੰ ਯਾਦ ਰੱਖੋ ਜਿਥੇ ਤੁਹਾਡੀਆਂ ਸਭ ਸਹੂਲਤਾਂ ਦਾ ਖਿਆਲ ਰੱਖਿਆ ਜਾਂਦਾ ਹੈ।

ਮਲਕੀਤ ਬਰਾੜ ਨੂੰ ਫ਼ੋਨ ਕਰੋ

Ph.(403)235-3661

#206-3517, 17 Ave. S.E. Calgary, Alta

T2A 0R5



**Ali Mohammed Farm**

4809 - 272 St. Aldergrove

Ph. 856-5990

ਪੋਲਟਰੀ ਫਾਰਮ ਤੋਂ ਤਾਜ਼ੇ ਆਂਡੇ ਅਤੇ ਤਾਜ਼ਾ ਚਿਕਨ ਸਾਡੇ ਕੋਲੋਂ ਖਰੀਦੋ

Chicken 50¢ each | Fresh Eggs $1.20 doz. Or $3.00 Flat(30 eggs)

ਇਕ ਵਾਰ ਜ਼ਰੂਰ ਦਰਸ਼ਨ ਦਿਓ



ਆਪਣੀ ਕਮਿਊਨਿਟੀ ਦਾ ਸਟੋਰ ਜਿਥੇ ਤੁਸੀਂ ਪੰਜਾਬੀ ਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।



**S A L E**

Merit Dress Pants 15.00 each Reg. 38.00 each

Dress Shirts $9.99 Reg. 18.00

Suits Upto 30% off

Pants at Wholesale Prices Size 32 & 34

Satisfaction Guaranteed

EXPERT TAILORING FOR MEN & LADIES
ALTERATIONS & REPAIRS
FAST SERVICE

**Tomson's**
TAILORS & FASHIONS

6260 FRASER ST. VANCOUVER

[Between 46th & 47th Avenue] Ph: 324-4223

# ਦੋਸ਼ੀ ਕੌਣ ਹਨ?

(ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਪਿਛੋਂ ਦਿੱਲੀ ਵਿਚ 31 ਅਕਤੂਬਰ ਤੋਂ 10 ਨਵੰਬਰ ਤੱਕ ਹੋਏ ਦੰਗੇ ਫਸਾਦਾਂ ਦੇ ਕਾਰਨ ਅਤੇ ਅਸਰ ਬਾਰੇ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ (ਪੀ. ਯੂ. ਡੀ. ਆਰ.) ਅਤੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼(ਪੀ. ਯੂ. ਸੀ. ਐਲ.) ਸਾਂਝੀ ਜਾਂਚ ਕਮੇਟੀ ਦੀ ਰੀਪੋਰਟ ਜੋ ਪਹਿਲਾਂ ਅੰਗਰੇਜ਼ੀ ਵਿਚ ਛਪੀ ਸੀ ਉਸਦਾ ਸਹੀ ਅਨੁਵਾਦ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ: ਜਗਮੋਹਨ ਸਿੰਘ ਹੋਰਾਂ ਨੇ ਕੀਤਾ ਹੈ ਅਤੇ 'ਕੈਨੇਡਾ ਦਰਪਣ' ਨੂੰ 'ਕੈਨੇਡਾ ਦਰਪਣ' ਦੇ ਇਕ ਸੁਹਿਰਦ ਹਿਤੈਸ਼ੀ ਰਾਹੀਂ ਪ੍ਰਾਪਤ ਹੋਇਆ ਹੈ। ਇਹ ਰੀਪੋਰਟ 'ਕੈਨੇਡਾ ਦਰਪਣ' ਦੇ ਪਾਠਕਾਂ ਦੀ ਜਾਣਕਾਰੀ ਲਈ ਲੜੀਵਾਰ ਛਪੇਗੀ। ਅਸੀਂ ਪ੍ਰੋ: ਜਗਮੋਹਣ ਸਿੰਘ ਹੋਰਾਂ ਦੇ ਧੰਨਵਾਦੀ ਹਾਂ ਅਤੇ ਜਮਹੂਰੀ ਅਧਿਕਾਰ ਸਭਾ, ਪੰਜਾਬ ਦੇ ਰਿਣੀ ਹਾਂ — ਸੰਪਾਦਕ)

ਲੜੀ ਜੋੜਨ ਲਈ 'ਕੈਨੇਡਾ ਦਰਪਣ' ਦਾ ਪਿਛਲਾ ਅੰਕ ਵੇਖੋ:—

## ਤਿੰਨ ਬਸਤੀਆਂ ਦੀ ਜਾਂਚ ਪੜਤਾਲ

### 1. ਸੁਲਤਾਨ ਪੁਰੀ

ਸੁਲਤਾਨਪੁਰੀ ਦੀ ਮੁੜ ਵਸਾਈ ਗਈ ਬਸਤੀ ਵਿਚ ਵੱਖ ਵੱਖ ਕਿੱਤਿਆਂ ਵਿਚ ਕੰਮ ਕਰ ਰਹੇ ਹਿੰਦੂਆਂ ਅਤੇ ਸਿੱਖਾਂ ਦੀ ਮਿਲੀ ਜੁਲੀ ਵਸੋਂ ਹੈ। ਹਿੰਦੂਆਂ ਵਿਚੋਂ ਬਹੁਤ ਸਾਰੇ ਨੀਵੀਆ ਜਾਤੀਆ ਨਾਲ ਸਬੰਧ ਰਖਦੇ ਹਨ ਅਤੇ ਅਨੇਕ ਸੰਸਥਾਵਾਂ ਵਿਚ ਸਫਾਈ ਕਰਮਚਾਰੀਆਂ ਦੇ ਤੌਰ ਤੇ ਨੌਕਰੀ ਉਤੇ ਲੱਗੇ ਹੋਏ ਹਨ। ਸਿੱਖਾਂ ਵਿਚ ਸਿਕਲੀਗਰ (ਜੋ ਕਿ ਇਮਾਰਤਾਂ ਬਨਾਣ ਲਈ ਲੋਹੇ ਦੇ ਜੰਗਲੇ ਆਦਿ ਬਨਾਣ ਦੇ ਮਾਹਿਰ ਹਨ), ਅਲਵਰ ਤੋਂ ਮੰਜੀਆਂ ਬੁਣਨ ਵਾਲੇ, ਸਕੂਟਰ ਰਿਕਸ਼ਾ ਦੇ ਮਾਲਕ, ਟੀ. ਵੀ. ਮਕੈਨਿਕ, ਬਿਜਲੀ ਦਾ ਕੰਮ ਕਰਨ ਵਾਲੇ ਅਤੇ ਦੁਕਾਨਦਾਰ ਹਨ। ਕੁਝ ਸਕੂਟਰ ਰਿਕਸ਼ਾ ਦੇ ਡਰਾਈਵਰ, ਰਿਕਸ਼ਾ ਚਲਾਣ ਵਾਲੇ, ਰੇਹੜੀ ਵਾਲੇ ਅਤੇ ਮਜ਼ਦੂਰ ਵੀ ਹਨ।

ਇਹ ਗੱਲ ਮਹੱਤਵਪੂਰਨ ਹੈ ਕਿ ਫਸਾਦਾਂ ਤੋਂ ਪਹਿਲਾਂ ਦੋਵੇਂ ਫਿਰਕੇ ਪੂਰਨ ਮੇਲ-ਜੋਲ ਨਾਲ ਰਹਿ ਰਹੇ ਸਨ। ਇਸ ਦੀ ਪ੍ਰੋੜਤਾ ਅਨੇਕ ਸਹਾਇਤਾ ਕੈਂਪਾਂ ਵਿਚਲੇ ਸਿੱਖਾਂ ਨੇ ਕੀਤੀ। ਬੀਤੇ ਦਿਨਾਂ ਵਿਚ ਕਿਸੇ ਵੀ ਮੌਕੇ ਤੇ ਉਨ੍ਹਾਂ ਵਿਚਕਾਰ ਖਿਚਾਅ ਦਾ ਕੋਈ ਸਬੂਤ ਨਹੀਂ ਮਿਲਦਾ।

ਇਸ ਬਸਤੀ ਦੇ ਸਿੱਖ ਵਸਨੀਕ ਪਹਿਲੀ ਨਵੰਬਰ ਵੀਰਵਾਰ ਨੂੰ ਦਿਨ ਦੇ ਉਸ ਸਮੇਂ ਦੰਗ ਰਹਿ ਗਏ ਜਦੋਂ ਉਨ੍ਹਾਂ ਤੇ ਅਤਿਆਚਾਰੀ ਭੀੜ ਤੇ ਅਚਾਨਕ ਹਮਲਾ ਕੀਤਾ। ਮੌਕੇ ਦੇ ਗਵਾਹਾਂ ਮੁਤਾਬਿਕ ਬਸਤੀ ਦੇ ਲੋਕ ਅਤੇ ਬਾਹਰ ਵਾਲੇ ਜੋ ਕਿ ਨਾਲ ਦੇ ਪਿੰਡਾਂ (ਜਿਨ੍ਹਾਂ ਵਿਚੋਂ ਇਕ ਪਿੰਡ ਮੁੰਡਕਾ ਹੈ) ਦੇ ਗੁੱਜਰ ਸਮਝੇ ਜਾਂਦੇ ਹਨ, ਭੀੜ ਵਿਚ ਸ਼ਾਮਿਲ ਸਨ। ਹਮਲੇ ਦਾ ਨਿਸ਼ਾਨਾ ਮਰਦ ਸਨ ਅਤੇ ਸਿੱਖ ਪੁਰਸ਼ ਵੱਡੀ ਗਿਣਤੀ ਵਿਚ ਮਾਰੇ ਗਏ। ਬੱਚ ਨਿਕਲਣ ਵਾਲਿਆਂ ਵਿਚੋਂ ਕੁਝ ਹਮਲੇ ਦੀ ਅਗਵਾਈ ਕਰਨ ਵਾਲਿਆਂ ਨੂੰ ਸ਼ਨਾਖਤ ਕਰ ਸਕਣ ਦੇ ਯੋਗ ਸਨ। ਮੋਹਰੀਆਂ ਵਿਚ ਉਥੋਂ ਦੇ ਸਿਆਸਤਦਾਨ, ਪੁਲੀਸ ਅਤੇ ਕੁਝ ਬਸਤੀ ਦੇ ਲੋਕ ਸਨ

ਹਮਲਾਵਰਾਂ ਅਤੇ ਅੱਗਾਂ ਲਾਉਣ ਵਾਲਿਆ ਦੀ ਪਹਿਚਾਨ ਕਰਨ ਅਤੇ ਸਮਝਣ ਦੇ ਯਤਨ ਵਿਚੋਂ ਇਹ ਗੱਲ ਯਕੀਨੀ ਨਿਕਲਦੀ ਹੈ ਕਿ ਉਥੋਂ ਦੇ ਹੀ ਜਮਾਦਾਰਾਂ ਦੇ ਵਿਗੜੇ ਛੋਕਰੇ, ਮੰਗਤੇ, ਮਕੈਨਿਕ, ਡਰਾਈਵਰ ਅਤੇ ਸਬਜ਼ੀਆ ਵੇਚਣ ਵਾਲੇ ਆਦਿ ਇਸ ਵਿਚ ਸ਼ਾਮਿਲ ਸਨ। ਪਰੰਤੂ ਸਾਰਾ ਕੁਝ ਉਨ੍ਹਾਂ ਨੇ ਆਪ ਸ਼ੁਰੂ ਨਹੀਂ ਸੀ ਕੀਤਾ। ਸਲਤਾਨਪੁਰੀ ਵਿਚ ਬਹੁਤੇ ਕਾਤਲਾਂ ਦੀ ਅਗਵਾਈ ਲੋਕਲ 'ਪ੍ਰਧਾਨ' ਕਰ ਰਹੇ ਸਨ ਜਿਹੜੇ ਕਿ ਸਿਆਸੀ ਢਾਂਚੇ ਦੀ ਸਭ ਤੋਂ ਹੇਠਲੀ ਪੌੜੀ ਤੇ ਹਨ। ਇਹ ਉਹ ਲੋਕ ਹਨ ਜਿਨ੍ਹਾਂ ਨੇ ਹਜੂਮ ਨੂੰ ਸਿੱਖਾਂ ਵਿਰੁਧ ਭੜਕਾਇਆ ਅਤੇ ਉਨ੍ਹਾਂ ਦੇ ਘਰਾਂ ਅਤੇ ਦੁਕਾਨਾਂ ਦੀ ਸ਼ਨਾਖਤ ਕੀਤੀ। ਪ੍ਰਧਾਨਾਂ ਦੇ ਉਸ ਹਲਕੇ ਦੇ ਕਾਂਗਰਸੀ ਐਮ. ਪੀ. ਨਾਲ ਨੇੜਲੇ ਸਬੰਧ ਹਨ। ਕੁਝ ਅਜਿਹੇ ਪ੍ਰਧਾਨ ਜਿਨ੍ਹਾਂ ਨੂੰ ਬਚੇ ਹੋਏ ਲੋਕਾਂ ਵਲੋਂ ਬਾਰ ਬਾਰ ਫਸਾਦੀਆਂ ਨੂੰ ਭੜਕਾਉਣ, ਮਦਦ ਕਰਨ ਅਤੇ ਹੱਲਾ-ਸ਼ੇਰੀ ਦੇਣ ਦੀਆ ਕਾਰਵਾਈਆਂ ਲਈ ਜਿੰਮੇਵਾਰ ਠਹਿਰਾਇਆ ਗਿਆ, ਇਸ ਪ੍ਰਕਾਰ ਹਨ: ਸ੍ਰੀ ਚੌਹਾਨ, ਸ੍ਰੀ ਬਾਗੜੀ ਅਤੇ ਸ੍ਰੀ ਗੁਪਤਾ। ਮੈਂਬਰ ਪਾਰਲੀਮੈਂਟ ਜਿਸਨੂੰ ਹਮਲਿਆਂ ਲਈ ਸਭ ਤੋਂ ਵਧੇਰੇ ਜਿੰਮੇਵਾਰ ਠਹਿਰਾਇਆ ਗਿਆ ਉਹ ਕਾਂਗਰਸ ਦਾ ਸੱਜਨ ਕੁਮਾਰ ਸੀ।

ਸੁਲਤਾਨਪੁਰੀ ਵਿਚ ਫਸਾਦੀਆਂ ਨਾਲ ਪੁਲੀਸ ਦੀ ਮਿਲੀ ਭੁਗਤ ਦਾ ਸੰਕੇਤ ਇਸ ਤੱਥ ਤੋਂ ਮਿਲਦਾ ਹੈ ਕਿ ਭੱਟੀ ਨਾਮ ਦੇ ਐਸ. ਐਚ. ਓ. ਨੇ ਸਿਰਫ ਕਾਫੀ ਸਿੱਖਾਂ ਨੂੰ ਮਾਰਿਆ ਹੀ ਨਹੀਂ ਸਗੋਂ ਉਨ੍ਹਾਂ ਨੂੰ ਨਿਹੱਥੇ ਕਰਨ ਵਿਚ ਭੀੜ ਦੀ ਮਦਦ ਵੀ ਕੀਤੀ। ਪੁਲੀਸ ਦਾ ਹੱਥ ਇਕ ਬਚ ਨਿਕਲੇ ਸਖਸ਼ ਦੇ ਸ਼ਬਦਾਂ ਵਿਚ "ਖੁਦ ਮਾਰਾ ਹੈ," ਮਿਲੇ ਹੂਏ ਥੇ" (ਪੁਲੀਸ ਨੇ ਆਪ ਮਾਰਿਆ ਹੈ ਉਹ ਉਨ੍ਹਾਂ ਨਾਲ ਮਿਲੇ ਹੋਏ ਸਨ)।

ਤਕਰੀਬਨ ਹਰੇਕ ਸ਼ਰਨਾਰਥੀ ਜਿਸ ਨਾਲ ਵੀ ਅਸੀਂ ਗੱਲ ਕੀਤੀ ਨੇ ਇਕੋ ਹੀ ਦਾਸਤਾਂ ਸੁਣਾਈ। ਸੁਲਤਾਨਪੁਰੀ ਵਿਚ ਹੋਏ ਇਸ ਕਤਲੇਆਮ ਵਿਚ ਮਿੱਟੀ ਦਾ ਤੇਲ ਵੇਚਣ ਵਾਲੇ ਬ੍ਰਹਮਾ ਨੰਦ ਗੁਪਤਾ, ਵੇਰਾ ਨੰਦ, ਮਾਸਟਰ ਅਤੇ ਵੇਦ ਪ੍ਰਕਾਸ਼ ਨੇ ਸਿੱਖਾਂ ਨੂੰ ਸਾੜਨ ਲਈ ਤੇਲ ਮੁਹੱਈਆ ਕੀਤਾ। ਇਸ ਕਤਲੇਆਮ ਵਿਚ ਡਾਕਟਰ ਛਾਂਗਾ ਵੀ ਸ਼ਾਮਿਲ ਸੀ। ਹੋਰਾਂ ਵਿਚ ਹਨੂਮਾਨ, ਰਾਸ਼ਨ ਦੀ ਦੁਕਾਨ ਦਾ ਮਾਲਕ; ਗਜਾਨੰਦ, ਗੋਦਾਮ ਮਾਲਕ; ਗੁਲਾਬ ਸਿੰਘ ਅਤੇ ਆਟੋ ਰਿਕਸ਼ਾ ਦਾ ਡਰਾਈਵਰ ਓਮੀ ਸੀ ਜਿਹੜੇ ਕਿ ਇਸ ਖੂਨ ਖਰਾਬੇ ਦੀ ਅਗਵਾਹੀ ਕਰ ਰਹੇ ਸਨ।

ਸਿੱਖਾਂ ਤੇ ਹਮਲੇ, ਵੀਰਵਾਰ ਦੀ ਰਾਤ ਤੋਂ ਸ਼ੁਰੂ ਹੋ ਕੇ ਸ਼ੁਕਰਵਾਰ (ਨਵੰਬਰ 1-2) ਬਾਅਦ ਦੁਪਹਿਰ ਤੱਕ ਲਗਾਤਾਰ ਜਾਰੀ ਰਹੇ। ਹਜੂਮ ਨੂੰ ਟਾਹਰਾਂ ਮਾਰੀਆਂ ਜਾ ਰਹੀਆ ਸਨ, "ਮਰਦਾ ਨੂੰ ਮਾਰ ਦਿਓ ਅਤੇ ਔਰਤਾਂ ਨਾਲ ਜਬਰ-ਜਿਨਾਹ ਕਰੋ।" ਹਜੂਮ ਲਾਠੀਆਂ, ਲੋਹੇ ਦੇ ਸਰੀਏ ਅਤੇ ਹੋਰ ਹਥਿਆਰਾਂ ਨਾਲ ਲੈਸ ਸੀ। ਉਹ ਮਿੱਟੀ ਦਾ ਤੇਲ ਨਾਲ ਲਈ ਫਿਰਦੇ ਸਨ।

ਬਹੁਤ ਸਾਰੇ ਹਿੰਦੂ ਗਵਾਂਢੀਆਂ ਨੇ ਸਿੱਖ ਪਰਿਵਾਰਾਂ ਨੂੰ ਪਨਾਹ ਦਿਤੀ ਹੋਈ ਸੀ ਅਤੇ ਕਈ ਘਰਾਂ ਵਿਚ ਉਨ੍ਹਾਂ ਨੂੰ ਜੰਦਰੇ ਮਾਰ ਕੇ ਲੁਕਾਇਆ ਹੋਇਆ ਸੀ। ਪਰ ਬਦਕਿਸਮਤੀ ਨਾਲ ਉਹ ਬਾਅਦ ਵਿਚ ਹੋਏ ਲੁੱਟ ਮਾਰ, ਅਗਜਨੀ ਅਤੇ ਕਤਲਾ ਤੋਂ ਬਚ ਨਾ ਸਕੇ। ਘਰਾਂ ਦੀ ਸ਼ਨਾਖਤ ਕਰਕੇ ਅੱਗ ਲਾਈ ਜਾ ਰਹੀ ਸੀ ਅਤੇ ਸਿੱਖ ਮਰਦਾਂ ਨੂੰ ਮਾਰਿਆ ਜਾ ਰਿਹਾ ਸੀ। ਔਰਤਾਂ ਨੂੰ ਵੀ ਚੰਗੇ ਖਾਂਦੇ ਪੀਂਦੇ ਸਿੱਖਾਂ ਦੇ ਘਰਾਂ ਦਾ ਸਮਾਨ ਲੁਟਕੇ ਲਿਜਾਂਦੇ ਹੋਏ ਵੇਖਿਆ ਗਿਆ। ਸੋਨੇ ਦੇ ਗਹਿਣੇ, ਟੀ.ਵੀ. ਸੈਟ ਅਤੇ ਹੋਰ ਚੀਜ਼ਾਂ ਵੀ ਲੁਟੀਆਂ ਗਈਆਂ। ਹੋਰ ਬਹੁਤ ਸਾਰੀ ਜਾਇਦਾਦ ਜਿਸ ਵਿਚ ਗੁਜਾਰੇ ਦੇ ਸਾਧਨ ਜਿਵੇਂ ਕਿ ਹੱਥ ਰੇਹੜੀ ਰਿਕਸ਼ੇ ਵੀ ਸ਼ਾਮਿਲ ਸਨ, ਨੂੰ ਇਕਸਾਰ ਤਰੀਕੇ ਨਾਲ ਤਬਾਹ ਕੀਤਾ ਗਿਆ।

ਕਤਲ ਅਤਿਅੰਤ ਜਾਲਮਾਨਾਂ ਤਰੀਕੇ ਨਾਲ ਕੀਤੇ ਗਏ। ਇੱਕ ਸਿੱਖ ਨੂੰ ਕਾਰ ਵਿਚ ਸੁਟਕੇ ਅੱਗ ਲਗਾ ਦਿੱਤੀ ਗਈ। ਹੋਰ ਕਈਆ ਨੂੰ ਸੱਟਾਂ ਮਾਰੀਆਂ ਗਈਆਂ, ਜਮੀਨ ਤੇ ਸੁੱਟਿਆ ਗਿਆ ਅਤੇ ਬਾਅਦ ਵਿਚ ਤੇਲ ਪਾ ਕੇ ਅੱਗ ਲਗਾ ਦਿਤੀ ਗਈ।

ਇਕ ਗਰਭਵਤੀ ਔਰਤ ਨੂੰ ਛੁਰਾ ਮਾਰਿਆ ਗਿਆ ਅਤੇ ਕੁਝ ਔਰਤਾਂ ਨਾਲ ਜਬਰ ਜਿਨਾਂਹ ਕੀਤੇ ਜਾਣ ਦੀ ਖਬਰ ਵੀ ਮਿਲੀ। ਘਟਨਾਵਾ ਦਾ ਹੈ-ਬਹੂ ਵੇਰਵਾ ਸਾਡੀ ਟੀਮ ਦੇ ਉਨ੍ਹਾਂ ਮੈਂਬਰਾਂ ਕੋਲ ਮੌਜੂਦ ਹੈ ਜਿਨ੍ਹਾਂ ਨੇ ਸ਼ਕਰਪੁਰ (ਰਾਣੀਬਾਗ) ਰਿਲੀਫ ਕੈਂਪ ਦਾ ਦੌਰਾ ਕੀਤਾ।

ਸੁਲਤਾਨਪੁਰੀ ਕਤਲੇਆਮ ਦੇ ਸ਼ਿਕਾਰ ਵਿਅਕਤੀਆਂ ਲਈ ਲਾਏ ਸ਼ਕਰਪੁਰ ਕੈਂਪ ਦੇ ਵੱਡੇ ਹਾਲ ਵਿਚ ਔਰਤਾਂ ਅਤੇ ਬੱਚੇ ਗੁਛਾ-ਮੁੱਛਾ ਹੋਏ ਬੈਠੇ ਸਨ ਡਰ ਅਤੇ ਸੋਗ ਉਨ੍ਹਾਂ ਦੇ ਰੋਮ-ਰੋਮ ਤੇ ਉਕਰਿਆ ਹੋਇਆ ਸੀ। ਇਨ੍ਹਾਂ ਵਿਚ ਦਸ ਸਾਲਾਂ ਤੋਂ ਵੱਧ ਉਮਰ ਦਾ ਇਕ ਵੀ ਲੜਕਾ ਨਹੀਂ ਸੀ ਅਤੇ ਲੜਕੇ ਵੈਸੇ ਵੀ ਬਹੁਤ ਘੱਟ ਸਨ। ਹਰੇਕ ਸਮੂਹ ਵਿਚ ਵਡੇਰੀ ਉਮਰ ਦੀਆਂ ਔਰਤਾ, ਤਿੰਨ ਚਾਰ ਵਿਧਵਾ ਔਰਤਾਂ, ਕੁਝ ਨੌਜਵਾਨ ਕੁੜੀਆਂ ਅਤੇ ਬਾਕੀ ਦੁੱਧ ਪੀਂਦੇ ਬੱਚਿਆਂ ਤੋਂ ਲੈ ਕੇ ਦਸ ਸਾਲਾਂ ਦੀ ਉਮਰ ਤੱਕ ਦੇ ਬੱਚੇ ਸਨ। ਇਕ ਘਰ ਦੇ 18 ਲੋਕ ਬਿਲਕੁਲ ਹੀ ਨਿਆਸਰਾ ਹੋ ਗਏ, ਕਿਉਂਕਿ ਇਕ ਵੀ ਕਮਾਊ ਆਦਮੀ ਨਹੀਂ ਸੀ ਬਚਿਆ। ਸਾਰੇ ਹੀ ਬਾਲਗ ਮਰਦ ਕਤਲ ਕਰ ਦਿੱਤੇ ਗਏ ਸਨ। ਦੋ ਜਵਾਨ ਔਰਤਾਂ ਕੋਲ ਨਵ-ਜੰਮੇ ਬਾਲ ਸਨ, ਇਕ ਛੇ ਦਿਨ ਦੀ ਉਮਰ ਦਾ (ਜੋ ਕਤਲਾ ਤੋਂ ਇਕ ਦਿਨ ਪਹਿਲਾ ਜਨਮਿਆ ਸੀ) ਅਤੇ ਦੂਜਾ, ਦਸ ਦਿਨ ਦੀ ਉਮਰ ਦਾ। ਉਹ ਆਪਣੇ ਬੱਚਿਆਂ ਨੂੰ ਬਾਹਵਾਂ ਵਿਚ ਲਈ ਖਿਲਾਹ ਵਿਚ ਖਾਲੀ ਖਾਲੀ ਝਾਕ ਰਹੀਆਂ ਸਨ ਅਤੇ ਇੰਨੀਆਂ ਬੌਂਦਲੀਆਂ ਹੋਈਆਂ ਸਨ ਕਿ ਉਹ ਰੋ ਜਾਂ ਬੋਲ ਨਹੀਂ ਸਕਦੀਆਂ ਸਨ। ਪਰੰਤੂ ਵਡੇਰੀ ਉਮਰ ਦੀ ਔਰਤ ਜਿਸ ਨੇ ਆਪਣੇ ਪਤੀ ਅਤੇ ਤਿੰਨ ਪੁੱਤਰ ਗੁਆ ਲਏ ਸਨ ਨੇ ਆਪਣੇ ਦੁੱਖ ਨੂੰ ਕੁੜੱਤਣ ਭਰੀ ਹਵਾ ਦਿੱਤੀ, "ਅਬ ਤੋਂ ਸਭ ਸੇ ਕੈਸੇ ਯੇ ਹੋਗਾ ਕਿ ਆਪ ਹਮ ਸਭ ਕੋ ਜ਼ਹਿਰ ਦਿਲਾ ਦੋ, ਅਬ ਹਮ ਜੀ ਨਹੀਂ ਸਕਤੇ, ਕੈਸੇ ਜੀਏਂਗੇ, ਕਿਸ ਦੇ ਲੀਏ ਜੀਏਂਗੇ?" ਉਹ ਉਥੇ ਮੌਜੂਦ ਔਰਤਾਂ ਦੇ ਜਜ਼ਬਾਤਾਂ ਦੀ ਆਵਾਜ਼ ਸੀ, ਜਿਨ੍ਹਾਂ ਸਾਰੀਆਂ ਨੇ ਆਪਣੇ ਮਰਦਾਂ ਨੂੰ ਟੋਟੇ ਹੁੰਦੇ, ਅਤੇ ਤੇਲ ਪਾਕੇ ਲਾਂਬੂ ਲਗਦੇ ਵੇਖਿਆ ਸੀ। ਇਸ ਵਹਿਸ਼ੀ ਕਤਲੇਆਮ ਤੋਂ ਪਿਛੋਂ

ਪਹਿਲਾਂ ਲੁਟਮਾਰ, ਫੇਰ ਸਾੜਫੂਕ



ਇਨ੍ਹਾਂ ਵਿਚੋਂ ਕੋਈ ਵੀ ਆਪਣੇ ਪਹਿਲੇ ਘਰਾਂ ਨੂੰ ਪਰਤਣ ਲਈ ਰਾਜ਼ੀ ਨਹੀਂ ਸੀ ਉਹ ਇਸ ਬਾਰੇ ਸੋਚ ਵੀ ਕਿਵੇਂ ਸਕਦੇ ਸਨ ਜਦ ਤੱਕ ਕਿ ਦੋਸ਼ੀਆ ਨੂੰ ਪਛਾਣ ਕੇ ਸਜ਼ਾ ਨਾ ਦਿਤੀ ਜਾਵੇ।

ਜਿਨ੍ਹਾਂ ਬਲਾਕਾਂ ਵਿਚ ਵਧ ਤਬਾਹੀ ਹੋਈ, ਉਹ ਸਨ: ਏ-4 (65 ਮਰੇ, 15 ਲਾਪਤਾ) ਪੀ- 1-2 ਅਤੇ 3 (31 ਮਰੇ 5 ਲਾਪਤਾ) ਅਤੇ ਸੀ-3 ਅਤੇ 4। ਕੈਂਪ ਨੂੰ ਦੋ ਦਾ ਹਿਸਾਬ ਕਿਤਾਬ ਲਾਇਆ ਗਿਆ ਜਿਸ ਵਿਚ ਮੁੱਖ ਤੌਰ ਤੇ ਸੁਲਤਾਨਪੁਰੀ ਦੇ ਬਚੇ (2000 ਦੇ ਕਰੀਬ ਲੋਕ ਸਨ) ਇਸ ਇਕੱਲੇ ਸਮੂਹ ਦੇ ਅੰਕੜੇ ਇਸ ਪ੍ਰਕਾਰ ਹਨ: 157 ਮਰੇ, 25 ਜ਼ਖਮੀ ਅਤੇ 52 ਲਾਪਤਾ। ਇਸ ਦਾ ਅਰਥ ਹੈ ਕਿ ਔਸਤਾਨ ਹਰ ਦੂਜੇ ਪਰਿਵਾਰ ਵਿਚੋਂ ਘੱਟੋ ਘੱਟ ਇਕ ਜੀਅ ਮਾਰਿਆ ਗਿਆ। ਇਕ ਮਾਹਿਰ ਦੇ ਅਨੁਸਾਰ ਅਜੀਬ ਗੱਲ ਹੈ ਕਿ ਜ਼ਖਮੀਆਂ ਦੀ ਗਿਣਤੀ ਮਰਿਆਂ ਦੀ ਗਿਣਤੀ ਦੇ ਮੁਕਾਬਲੇ ਬਹੁਤ ਘੱਟ ਹੈ। ਹਜੂਮ ਦੀ ਭੜਕਾਹਟ ਕਾਰਨ ਲੁੱਟ ਮਾਰ ਦੀਆਂ ਘਟਨਾਵਾਂ ਵਿਚ ਜ਼ਖਮੀਆਂ ਦੀ ਗਿਣਤੀ ਆਮ ਤੌਰ ਤੇ ਬਹੁਤ ਜਿਆਦਾ ਹੁੰਦੀ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਹਮਲਾ ਕਰਨ ਵਾਲੇ ਕੋਈ ਗੈਰ-ਜਥੇਬੰਦ ਨਹੀਂ ਸਨ।

ਮਾਮਲਾ, 1-2 ਨਵੰਬਰ ਦੀਆਂ ਘਟਨਾਵਾਂ ਨਾਲ ਹੀ ਖਤਮ ਨਹੀਂ ਹੋਇਆ ਅਗਲੇ ਦੋ ਦਿਨਾਂ ਦੌਰਾਨ, ਤਿੰਨ ਅਤੇ ਚਾਰ ਨਵੰਬਰ, ਸਨਿਚਰਵਾਰ ਅਤੇ ਐਤਵਾਰ ਨੂੰ ਐਸ. ਐਚ. ਓ. ਦੁਆਰਾ ਹਾਲ ਵਿਚ ਇਕ ਨਾਈ ਮੰਗਵਾਇਆ ਗਿਆ ਦੱਸਿਆ ਜਾਂਦਾ ਹੈ, ਜਿਥੇ ਕਿ ਸਿੱਖਾਂ ਨੂੰ ਕੱਢਣ ਤੋਂ ਪਹਿਲਾਂ ਤਾੜਿਆ ਹੋਇਆ ਸੀ। ਹਰੇਕ ਨੂੰ ਵਾਲ ਕਟਵਾਉਣ ਲਈ ਮਜਬੂਰ ਕੀਤਾ ਅਤੇ 21 ਰੁਪਏ ਪ੍ਰਤੀ ਵਿਅਕਤੀ ਦੁਆਏ ਗਏ। ਉਨ੍ਹਾਂ ਨੂੰ ਧਮਕਾਇਆ ਗਿਆ ਕਿ ਜੇ ਉਹ ਨਾ ਮੰਨੇ ਤਾਂ ਉਹਨ੍ਹਾਂ ਨੂੰ ਗੋਲੀ ਮਾਰ ਦਿਤੀ ਜਾਵੇਗੀ। ਇਹ ਦੱਸਿਆ ਜਾਂਦਾ ਹੈ ਕਿ ਨਾਈ ਨੇ 500 ਰੁਪਏ ਖਰੇ ਕੀਤੇ।

ਤਿੰਨ ਦਿਨਾਂ ਤੋਂ ਬਾਅਦ ਉਥੋਂ ਕੱਢਣ ਤੋਂ ਪਹਿਲਾਂ ਤਕਰੀਬਨ 5000 ਸਿੱਖ ਇਕੋਂ ਥਾਂ ਤੇ ਹੀ ਤੂੜੇ ਪਏ ਸਨ। 800 ਦੇ ਕਰੀਬ ਅਜੇ ਵੀ ਸੁਲਤਾਨਪੁਰੀ ਵਿਖੇ ਫੌਜੀ ਹਿਫਾਜਤ 'ਚ ਹਨ। ਅੱਠ ਨਵੰਬਰ ਵੀਰਵਾਰ, ਦਹਿਸ਼ਤ ਸ਼ੁਰੂ ਹੋਣ ਤੋਂ ਪੂਰਾ ਇਕ ਹਫਤਾ ਬਾਅਦ ਤੱਕ ਵੀ ਫੌਜ ਉਨ੍ਹਾਂ ਲਈ ਲੋੜੀਂਦੇ ਭੋਜਨ ਦਾ ਇੰਤਜਾਮ ਕਰਨ ਦਾ ਯਤਨ ਕਰ ਰਹੀ ਸੀ। ਕੈਂਪ ਨੰ: 2 ਵਿਚਲੇ ਬਚੇ ਲੋਕ, ਸਿਰਫ ਕੁਝ ਇਕ ਨੂੰ ਛੱਡ ਕੇ, ਆਪਣੇ ਘਰਾਂ ਨੂੰ ਵਾਪਸ ਨਹੀਂ ਸਨ ਜਾਣਾ ਚਾਹੁੰਦੇ ਦੱਸਣ ਅਨੁਸਾਰ 2000 ਵਿਚੋਂ ਸਿਰਫ 100 ਹੀ ਇਸ ਕੈਂਪ ਵਿਚੋਂ ਵਾਪਸ ਗਏ। ਉਨ੍ਹਾਂ ਵਿਚੋਂ 20 ਆਦਮੀ 9 ਨਵੰਬਰ ਤੱਕ ਵਾਪਿਸ ਆ ਗਏ। ਇਥੋਂ ਤੱਕ ਕਿ ਕੈਂਪ ਦੇ ਵਿਚ ਵੀ ਉਹ ਅਸੁਰੱਖਿਅਤ ਮਹਿਸੂਸ ਕਰ ਰਹੇ ਸਨ।

ਉਹ ਜਮਾਂਦਾਰ ਜਿਨ੍ਹਾਂ ਨੇ ਕੁਝ ਦਿਨ ਪਹਿਲਾ ਉਨ੍ਹਾਂ ਦੇ ਘਰ ਲੁੱਟੇ ਸਨ ਅਤੇ ਉਨ੍ਹਾਂ ਦੇ ਪਤੀਆਂ ਅਤੇ ਪੁੱਤਰਾਂ ਨੂੰ ਮਾਰਿਆ ਸੀ, ਸੋਚੇ ਸਮਝੇ ਮਕਸਦ ਅਧੀਨ

(ਬਾਕੀ ਪੰਨਾ 12 ਤੇ)

(ਪੰਨਾ 10 ਦੀ ਬਾਕੀ)

ਸੁਤੰਤਰਤਾ-ਪਰਾਪਤੀ ਦੇ ਮੌਕੇ ਅੱਤਵਾਦੀ ਆਪਣੇ ਮਨਸੂਬੇ ਵਿਚ ਅਸਫਲ ਰਹੇ, ਪਰ ਉਨ੍ਹਾਂ ਨੇ ਆਪਣੇ ਜਤਨ ਢਿੱਲੇ ਨਹੀਂ ਸਨ ਕੀਤੇ। ਬਹੁਤੇ ਸਿੱਖ ਅਜੇ ਉਨ੍ਹਾਂ ਦੀ ਵਿਉਂਤਕਾਰੀ ਦਾ ਸ਼ਿਕਾਰ ਨਹੀਂ ਸਨ ਹੋਏ ਪਰ ਅੱਤਵਾਦੀ ਹਿੰਦੂਆਂ ਨੇ ਉਨ੍ਹਾਂ ਦੇ ਮਨਾਂ ਵਿਚ ਸ਼ੱਕ ਸੰਦੇਹ ਦੇ ਬੀ ਬੀਜ ਦਿਤੇ ਹੋਏ ਸਨ।

ਬਹੁਤ ਸਾਰੇ ਹਿੰਦੂਆਂ ਨੇ 1951 ਦੀ ਮਰਦੁਮ ਸ਼ੁਮਾਰੀ ਵਿਚ ਆਪਣੀ ਮਾਂ ਬੋਲੀ ਹਿੰਦੀ ਲਿਖਵਾਈ ਸੀ। ਸਿੱਖ ਅੱਤਵਾਦੀ ਪ੍ਰਾਪਾਗੰਡਾ ਇਹ ਸੀ ਕਿ ਜੇ ਉਨ੍ਹਾਂ ਨੂੰ ਆਪਣੀ ਮਾਂ-ਬੋਲੀ ਨੂੰ ਹੀ ਤਲਾਂਜਲੀ ਦੇਣ ਲਈ ਪਰੇਰਿਆ ਜਾ ਸਕਦਾ ਹੈ, ਬੋਲੀ ਜੋ ਉਹ ਬੋਲਦੇ ਹਨ, ਤਾਂ ਉਹ ਸਿੱਖਾਂ ਨਾਲ ਕਦੇ ਵੀ ਨਿਆਂ ਨਹੀਂ ਕਰ ਸਕਣਗੇ; ਇਸ ਦਲੀਲ ਨੂੰ ਸੁਣ ਕੇ ਔਸਤ ਸਿੱਖ ਸੋਚਣ ਲੱਗ ਪਿਆ ਕਿ ਜਿਹੜੇ ਲੋਕ ਆਪਣੀ ਮਾਂ-ਬੋਲੀ ਤੋਂ ਹੀ ਮੁਨਕਰ ਹੋਣ ਦੀ ਹੱਦ ਤਕ ਜਾ ਸਕਦੇ ਹਨ ਕਿਉਂਜ ਇਹ ਸਿੱਖਾਂ ਦੀ ਬੋਲੀ ਹੈ, ਕਿ ਉਹ ਉਨ੍ਹਾਂ ਨਾਲ ਸ਼ਾਮਿਲ ਹੋ ਸਕਦੇ ਹਨ।

20 ਸਤੰਬਰ ਨੂੰ ਭਿੰਡਰਾਂਵਾਲੇ ਨੇ ਆਪਣੇ ਆਪ ਨੂੰ ਗਰਿਫਤਾਰੀ ਲਈ ਪੇਸ਼ ਕੀਤਾ ਤਾਂ ਲੋਕਾਂ ਦਾ ਵਡਾ ਜੋੜਮੇਲਾ ਸੀ। ਉਹ ਪਬਲਿਸਿਟੀ ਚਾਹੁੰਦਾ ਸੀ ਤੇ ਸਰਕਾਰ ਨੇ ਇਸ ਵਿਚ ਉਹਦੀ ਸਹਾਇਤਾ ਕੀਤੀ; ਇਹ ਝਾਕੀ ਸੁਤੰਤਰਤਾ—ਪਰਾਪਤੀ ਤੋਂ ਪਹਿਲਾਂ ਦੇ ਚੇਤੇ ਸਜਰਾਉਂਦੀ ਸੀ ਜਦੋਂ ਕਈ ਕਾਂਗਰਸੀ ਆਗੂ ਹਜ਼ਾਰਾਂ ਲੋਕਾਂ ਦੇ ਸਾਹਮਣੇ ਪੁਲਸ ਨੂੰ ਆਤਮ-ਸਮਰਪਣ ਕੀਤਾ ਕਰਦੇ ਸਨ।

ਉਹਦੀ ਗਰਿਫਤਾਰੀ ਨੇ ਪੁਲਸ ਅਤੇ ਇਕੱਠੇ-ਹੋਏ ਲੋਕਾਂ ਵਿਚਕਾਰ ਝੜਪ ਭੜਕਾ ਦਿਤੀ; ਉਸ ਤਮਾਸ਼ੇ ਦਾ, ਜੀਹਦਾ ਪ੍ਰਬੰਧ ਸਰਕਾਰ ਨੇ ਕੀਤਾ ਸੀ, ਭੋਗ ਇਸ ਤਰ੍ਹਾਂ ਹੀ ਪੈਣਾ ਸੀ। ਪੁਲਿਸ ਫਾਇਰਿੰਗ ਵਿਚ ਲਗਭਗ ਦਰਜਨ ਸਿੱਖ ਮਾਰੇ ਗਏ।

ਭਿੰਡਰਾਂਵਾਲੇ ਦੀ ਗਰਿਫਤਾਰੀ ਨੇ ਉਹਨੂੰ ਅਨੇਕਾਂ ਸਿੱਖਾਂ ਦੀਆਂ ਨਜ਼ਰਾਂ ਵਿਚ ਹੀਰੋ ਬਣਾ ਦਿਤਾ ਵਧੇਰੇ ਇਸ ਕਰਕੇ ਕਿਉਂਜ ਹਿੰਦੂ ਪਰੈੱਸ ਨੇ ਸਿੱਖ ਸ਼ਾਵਨਵਾਦ ਦੇ ਮੁਖ ਪ੍ਰਤੀਨਿਧ ਵਜੋਂ ਉਹਦੇ ਤੇ ਹੀ ਹਮਲੇ ਕਰਨੇ ਸ਼ੁਰੂ ਕਰ ਦਿਤੇ ਹੋਏ ਸਨ।

ਸਿੱਖਾਂ ਵਿਚ, ਖਾਸ ਕਰ ਕੇ ਨੌਜਵਾਨਾਂ ਵਿਚ, ਭਿੰਡਰਾਂਵਾਲੇ ਦੀ ਤਕੜੀ ਹਿਮਾਇਤ ਨੂੰ ਭਾਂਪਦਿਆ, ਨੌਜਵਾਨ ਜਿਨ੍ਹਾਂ ਵਿਚੋਂ ਕੁਝ 29 ਸਤੰਬਰ ਨੂੰ ਰੋਸ ਵਜੋਂ ਇੰਡੀਅਨ ਏਅਰ-ਲਾਈਨਜ਼ ਦੇ ਇਕ ਹਵਾਈ ਜਹਾਜ਼ ਦਾ ਅਪਹਰਣ ਕਰਕੇ ਲਾਹੌਰ ਲੈ ਗਏ ਸਨ, ਅਕਾਲੀਆਂ ਨੇ ਭਿੰਡਰਾਂਵਾਲੇ ਦੀ ਰਿਹਾਈ ਦੀ ਮੰਗ ਕੀਤੀ। ਉਹ ਇਸ ਰਾਜਸੀ ਵਰਤਾਰੇ ਦਾ ਲਾਭ ਉਠਾਉਣਾ ਚਾਹੁੰਦੇ ਸਨ, ਉਹ ਸਿੱਖਾਂ ਨੂੰ ਦਸਣਾ ਚਾਹੁੰਦੇ ਸਨ ਕਿ ਉਹ ਉਨ੍ਹਾਂ ਲਈ ਅਜਨਬੀ ਨਹੀਂ ਹੈ। ਉਨ੍ਹਾਂ ਦੀਆਂ ਨਜ਼ਰਾਂ ਭਵਿੱਖ ਉਪਰ ਵੀ ਟਿਕੀਆ ਹੋਈਆਂ ਸਨ ਜਦੋਂ ਉਨ੍ਹਾਂ ਨੇ ਹਕੂਮਤ ਨੂੰ ਡਰਾਉਣ ਲਈ ਤੇ ਆਪਣੀਆਂ ਮੰਗਾਂ ਮੰਨਵਾਉਣ ਲਈ ਇਕ ਡੰਡੇ ਵਜੋਂ ਉਹਦੀ ਵਰਤੋਂ ਕਰਨੀ ਸੀ। ਅਕਾਲੀ ਜਾਣਦੇ ਸਨ ਕਿ ਗਿਆਨੀ ਜ਼ੈਲ ਸਿੰਘ ਭਿੰਡਰਾਂਵਾਲੇ ਨਾਲ ਆਪਣੇ ਸੰਬੰਧ ਤੋੜ ਚੁਕਿਆ ਹੋਇਆ ਹੈ ਜਿਹੜਾ ਹੁਣ ਬਹੁਤ ਹੀ ਵਿਵਾਦੀ ਵਿਅਕਤੀ ਬਣ ਗਿਆ ਹੋਇਆ ਸੀ। ਇਹਦੀ ਪੁਸ਼ਟੀ ਉਨ੍ਹਾਂ ਪੱਤਰਾਂ ਤੋਂ ਹੁੰਦੀ ਹੈ ਜੋ ਜ਼ੈਲ ਸਿੰਘ ਨੇ ਉਹਨੀਂ ਦਿਨੀਂ ਦਰਬਾਰਾ ਸਿੰਘ ਨੂੰ ਲਿਖੇ, ਤੇ ਜਿਨ੍ਹਾਂ ਵਿਚ ਭਿੰਡਰਾਂਵਾਲੇ ਤੇ ਉਹਦੇ ਨਿਕਟ-ਵਰਤੀ ਸਾਥੀਆਂ ਨੂੰ ਗਰਿਫਤਾਰ ਕਰਨ ਵਿਚ ਸਹਾਇਤਾ ਚਾਹੀ ਗਈ ਸੀ।

ਸਰਕਾਰ ਨੇ ਭਿੰਡਰਾਂਵਾਲੇ ਨੂੰ ਬਿਨਾਂ-ਸ਼ਰਤ ਰਿਹਾ ਕਰ ਦਿਤਾ।

(ਚਲਦਾ)

# ਸਾ ਹਿ ਤ ਦ ਰ ਪ ਣ

## ਰੁਬਾਈਆਂ — ਉਮਰ ਖਿਯਾਮ

21

ਮੇਰੇ ਵਸ ਦੀ ਗਲ ਨਹੀਂ ਸੀ ਆਦ ਸਮੇਂ ਜਗ ਆਉਣਾ
ਕਿਸੇ ਨਹੀਂ ਹੈ ਮੈਥੋਂ ਪੁਛਣਾ ਕਿਸ ਵੇਲੇ ਤੁਰ ਜਾਣਾ
ਸਾਕੀ ਛੇਤੀ ਹਿੰਮਤ ਕਰਕੇ ਭਰ ਦੇ ਮਦ ਦਾ ਸਾਗਰ
ਮਦ ਦੇ ਨਾਲ ਹੀ ਸੌਖਾ ਹੋਵੇ ਜਗ ਦੇ ਦੁਖੜੇ ਸਹਿਣਾ

22

'ਖਿਯਾਮ' ਕਿ ਜਿਸ ਨੇ ਗਿਆਨ ਦਾ ਤੰਬੂ ਔਖੇ ਹੈ ਬਣਾਇਆ
ਗ਼ਮਾਂ ਦੀ ਭੱਠੀ ਦੇ ਵਿਚ ਡਿਗ ਕੇ ਅਪਣਾ ਆਪ ਜਲਾਇਆ
ਉਸਦੇ ਜੀਵਨ ਦੇ ਤੰਬੂ ਦੇ ਕਿਸਮਤ ਤੋੜੇ ਧਾਗੇ
ਆਸਾ ਦੇ ਦਲਾਲ ਨੇ ਉਸ ਦਾ ਇਕ ਨਗ਼ਮਾ ਮੁਲ ਪਾਇਆ

23

'ਖਿਯਾਮ' ਤੂੰ ਆਪਣੇ ਪਾਪਾਂ ਉਪਰ ਕਿਉਂ ਏਂ ਮਾਤਮ ਕਰਦਾ
ਦਿਨ ਰਾਤੀਂ ਤੂੰ ਇਨ੍ਹਾਂ ਗ਼ਮਾਂ ਵਿਚ ਕਿਉਂ ਫਿਰਦਾਂ ਏਂ ਮਰਦਾ
ਪਾਪ ਨਹੀਂ ਹਨ ਜਿਸ ਨੇ ਕੀਤੇ ਉਹ ਕਿਉਂ ਬਖਸ਼ਿਸ਼ ਲੋੜੇ ?
ਪਾਪੀ ਬੰਦਿਆਂ ਲਈ ਜੇ ਬਖਸ਼ਸ਼ ਫਿਰ ਕਾਹਤੋਂ ਏਂ ਡਰਦਾ

24

ਮਸਜਿਦ, ਗਿਰਜੇ ਅਤੇ ਮਦਰਸੇ ਜਿਹੜੇ ਫਿਰਦੇ ਭੌਂਦੇ
ਨਰਕਾਂ ਤੋਂ ਉਹ ਡਰਦੇ ਹੋਏ ਸੁਰਗਾਂ ਲਈ ਲਲਚਾਉਂਦੇ
ਭੇਦ ਖੁਦਾ ਦਾ ਜਾਨਣ ਵਾਲੇ ਸੁਘੜ ਸਿਆਣੇ ਬੰਦੇ
ਸੁਰਗ ਨਰਕ ਦੇ ਮਸਲੇ ਦਾ ਹੈ ਦਿਲ ਚੋਂ ਤੁਖਮ ਮਟਾਉਂਦੇ

25

ਸੋਹਣੀ ਪਰੀ ਦੀ ਸੰਗਤ ਹੋਵੇ ਆਈਆਂ ਹੋਣ ਬਹਾਰਾਂ
ਹਰੇ ਖੇਤ ਦੀ ਵੱਟ ਤੇ ਬਹਿ ਕੇ ਮਾਣਾਂ ਮਦ ਦੀਆਂ ਲਹਿਰਾਂ
ਭਾਵੇਂ ਹਰ ਇਕ ਬੰਦਾ ਇਹ ਗਲ ਸਮਝੂ ਬੜੀ ਕਰੂਪੀ
ਕੁੱਤੇ ਨਾਲੋਂ ਭੈੜਾ ਸਮਝੀਂ ਜੇ ਮੈਂ ਸੁਰਗ ਪੁਕਾਰਾਂ

26

ਚੇਤੇ ਰੱਖੀਂ ਤੇਥੋਂ ਕਰਨਾ ਰੂਹ ਨੇ ਵੱਖ ਠਿਕਾਣਾ
ਰੱਬੀ ਭੇਦਾਂ ਦਾ ਇਕ ਪਰਦਾ ਜਿਸ ਪਿੱਛੇ ਛੁਪ ਜਾਣਾ
ਖਬਰ ਨਹੀਂ ਕਿਸ ਥਾਂ ਤੋਂ ਚਲ ਕੇ ਤੂੰ ਏਥੇ ਸੀ ਆਇਆ
ਮਦ ਪੀ ਤੈਨੂੰ ਸਾਰੀ ਨਹੀਂ ਕੱਲ੍ਹ ਕਿਥੇ ਡੇਰਾ ਲਾਉਣਾ

27

ਇਕ ਵਾਰੀ ਸੁਪਨੇ ਵਿਚ ਮੈਨੂੰ ਅਕਲ ਨੇ ਇਹ ਸਮਝਾਇਆ
ਬਾਗ ਖੁਸ਼ੀ ਦਾ ਕਦੇ ਨਹੀਂ ਹੈ ਸੌਂ ਕੇ ਕਿਸੇ ਸਜਾਇਆ
ਇਹ ਉਹ ਚੀਜ਼ ਨਾਲ ਮੌਤ ਦੇ ਸਾਂਝ ਹੈ ਜਿਸ ਨੇ ਪਾਈ
ਮਦ ਪੀ, ਮੁੜ ਕਦ ਸੁੱਤਿਆਂ ਨੂੰ ਹੈ ਉਮਰਾਂ ਕਿਸੇ ਜਗਾਇਆ

28

ਦਿਲ ਆਖੇ ਮੈਨੂੰ ਗਿਆਨ ਇਲਾਹੀ ਸਿੱਖਣ ਦਾ ਚਾਹ ਚੜ੍ਹਿਆ
ਇਹ ਵਦਿਆ ਮੈਨੂੰ ਸਿਖਲਾ ਦੇ ਤੈਂ ਜੋ ਸਬਕ ਹੈ ਪੜ੍ਹਿਆ
ਮੈਂ ਅਲਫ਼ ਕਿਹਾ ਤਾਂ ਦਿਲ ਬੋਲਿਆ, "ਹੋਰ ਨਾ ਕੁੱਝ ਭੀ ਆਖੀਂ
ਲੋੜ ਨਾ ਉਸ ਨੂੰ ਕੋਈ ਰਹਿੰਦੀ ਜਿਸ ਇਹ ਅੱਖਰ ਫੜਿਆ"



29

ਪਰਦੇ ਪਿਛੇ ਭੇਦ ਹੈ ਜਿਹੜਾ ਉਹ ਨਾ ਕੋਈ ਜਾਣੇ
ਖੋਜ ਦਾ ਕੋਈ ਜ਼ੋਰ ਨਾ ਚੱਲੇ ਨਾ ਬੁੱਝ ਸਕਣ ਸਿਆਣੇ
ਸਾਡੀ ਮੰਜ਼ਿਲ ਧਰਤੀ ਦਾ ਦਿਲ ਸੁਰਗ ਹੈ ਝੂਠਾ ਲਾਰਾ
ਉਠ ਪਿਆਲਾ ਮਦ ਦਾ ਪੀ ਲੈ, ਛੱਡ ਲੰਮੇ ਅਫ਼ਸਾਨੇ

30

ਭੇਦ ਛੁਪਾ ਕੇ ਉਨ੍ਹਾਂ ਤੋਂ ਰੱਖੀਂ ਜਿਹੜੇ ਹੋਣ ਕਮੀਨੇ
ਰਮਜ਼ ਉਨ੍ਹਾਂ ਨੂੰ ਕ ਦੇ ਨਾ ਦਸੀਂ ਜਿਹੜੇ ਹੋਣ ਨਾ ਦਾਨੇ
ਪੈਰ ਤੂੰ ਪੁੱਟੀ ਸੋਚ ਸਮਝ ਕੇ ਹੋਰਾਂ ਲਈ ਵਿਚਾਰੀਂ
ਦਿਲ ਦੀਆਂ ਆਸਾਂ ਗੁਪਤ ਹੀ ਰੱਖੀਂ ਆਪਣੇ ਦਿਲ ਦੇ ਖਾਨੇ

ਪੰਜਾਬੀ ਰੂਪ : ਰਣਜੀਤ ਅਜ਼ਾਦ

## ਇਕ ਨਜ਼ਮ

ਜਸਬੀਰ ਗੁਰਮ

ਕੀ ਤੈਨੂੰ ਪਤਾ
ਇਨਸਾਨ ਵੀ ਕਾਨੂੰਨ ਨਾਲ ਬਦਲਦੇ ਨੇ
ਤੇ ਕੀ ਮੈਨੂੰ ਪਤੇ
ਕਿ ਕਾਨੂੰਨ ਨਾਲ ਘਰ ਵਸਦੇ ਤੇ ਘਰ ਵੀ ਉਜੜਦੇ ਨੇ ?
ਹਾਂ, ਡੂੰਘਾ ਦੁੱਖ ਤੇਰੇ ਦਿਲ ਤੇ
ਜਿਸਮ ਤੇ ਔਪੜਿਆ
ਪਰ, ਇਹ ਇਕ ਉਹ ਪਿਆਰ ਸੀ
ਜੋ ਹੋਰ ਕਿਸੇ ਦੇਸ ਤੋਂ ਸੀ ਵਸਿਆ -
ਤੇ ਉਸ ਪਿਆਰ ਨਾਲ,
ਹਾਲੇ ਵੀ ਤੂੰ ਹੈਂ ਜਕੜਿਆ
ਜ਼ਿੰਦਗੀ ਤੁਰਦੀ ਜਾਂਦੀ ਰਵਾਂ ਰਵੀ
ਤਾਂ ਕੌਣ ਨਹੀਂ ਚਾਹੁੰਦਾ ਹੋਵੇ
ਆਸਮਾਂ ਹੋਵੇ ਜ਼ਮਹਨ !
ਡਾਵਾਂ ਡੋਲ ਜ਼ਿੰਦਗੀ ਨਾਲ
ਦਿਸਦੇ ਜ਼ਿਮੀਂ ਆਸਮਾਂ ਵੀ ਉਲਟਦੇ ਪਲਟਦੇ
ਕੀ ਤੈਨੂੰ ਪਤਾ ਹੈ ਇਨਸਾਨ
ਵੀ ਕਾਨੂੰਨ ਨਾਲ ਬਦਲਦੇ ?
ਖੁਦਾਇਆ ਜ਼ਿੰਦਗੀ ਇਕੱਲੀ ਹੈ
ਪਰ ਇਹ ਥਾਵਾਂ ਕੁਥਾਵਾਂ ਨੇ ਮੱਲੀ ਹੈ
ਹੁਣ ਤਾਂ ਲੱਗਦੇ ਨੇ
ਰਸਤੇ ਵੀ ਚਲਦੇ ਚਲਦੇ ।

## ਨਵੀਆਂ ਕਲਮਾਂ

### ਗੀਤ

ਰਣਵੀਰ ਹੁਸ਼ਿਆਰਪੁਰੀ

ਕਰ ਗਏ ਸ਼ੁਦਾਈ ਮੈਨੂੰ ਤੇਰੇ ਮਿੱਠੇ ਬੋਲ ਨੀ
ਹੁਣ ਕਿਉਂ ਨਹੀਂ ਬਹਿੰਦੀ ਮੇਰੇ ਦੋ ਪਲ ਕੋਲ ਨੀ
ਆਪੇ ਹੀ ਤੂੰ ਮੇਰੇ ਸੀਨੇ ਅੱਗ ਲਾਈ ਨੀ
ਕੱਟੀ ਨਹੀਂਉ ਜਾਂਦੀ ਮੈਥੋਂ ਤੇਰੀ ਇਹ ਜੁਦਾਈ ਨਹ
ਕਰੇਂ ਹਰ ਗਲ ਤੂੰ ਗੋਲ ਮੋਲ ਨੀ
ਹੁਣ ਕਿਉਂ ਨਹੀਂ ਬਹਿੰਦੀ ਮੇਰੇ ਦੋ ਪਲ ਕੋਲ ਨੀ
ਤੇਰੇ ਨਾਲ ਯਾਰੀ ਲਾ ਕੇ ਅਸਾਂ ਕੀ ਨੀ ਖੱਟਿਆ
ਹਰ ਵੇਲੇ ਮੂੰਹ ਰਹਿੰਦਾ ਤੇਰਾ ਹੀਰੇ ਵੱਟਿਆ
ਬੁਲਾਵਾਂ ਜਦੋਂ ਵੀ ਕਰੇਂ ਟਾਲ ਮਟੋਲ ਨੀ
ਕਰ ਗਏ ਸ਼ੁਦਾਈ ਮੈਨੂੰ ਤੇਰੇ ਮਿੱਠੇ ਬੋਲ ਨੀ
ਹੁਣ ਕਿਉਂ ਨਹੀਂ ਬਹਿੰਦੀ ਮੇਰੇ ਦੋ ਪਲ ਕੋਲ ਨੀ
ਲੱਗਾ ਹੁਣ ਪਤਾ ਮੈਨੂੰ ਪਿਆਰ ਕਿੰਝ ਪਾਈਦਾ
ਨਕਲੀ ਅਦਾ ਤੇ ਮਰ ਮਿਟ ਨਹੀਂ ਜਾਈਦਾ
ਅਲੜ੍ਹ ਸੀ ਉਦੋਂ ਮੈਂ ਨਾਲੇ ਅਣਭੋਲ ਨੀ
ਕਰ ਗਏ ਸ਼ੁਦਾਈ ਮੈਨੂੰ ਤੇਰੇ ਮਿੱਠੇ ਬੋਲ ਨੀ
ਹੁਣ ਕਿਉਂ ਨਹੀਂ ਬਹਿੰਦੀ ਮੇਰੇ ਦੋ ਪਲ ਕੋਲ ਨੀ
ਦੋ ਪਲ ਕੋਲ ਨੀ ..... ਦੋ ਪਲ ਕੋਲ ਨੀ.......

● ਗਲਤੀ

ਮੁੰਨੀ ਸਕੂਲੋਂ ਲੇਟ ਘਰ ਪੁੱਜੀ ਤਾਂ ਉਹਦੀ ਮਾਂ ਨੇ ਪੁੱਛਿਆ — "ਕੀ ਗੱਲ ਏ ਧੀਏ, ਅੱਜ ਤੂੰ ਬਹੁਤ ਦੇਰ ਨਾਲ ਘਰ ਆਈ ਏਂ?"

"ਸਹੁੰ ਰੱਬ ਦੀ ਮਾਂ ਜੀ, ਇਸ ਵਿੱਚ ਮੇਰਾ ਕੋਈ ਕਸੂਰ ਨਹੀਂ। ਤੁਸੀਂ ਬੇਸ਼ੱਕ ਮਿਸ ਤੋਂ ਜਾ ਕੇ ਪੁੱਛ ਲਉ। ਉਹਨਾਂ ਦੀ ਗਲਤੀ ਏ। ਅੱਜ ਆਖਰੀ ਪੀਰੀਅਡ 'ਚ ਮਿਸ ਮੈਨੂੰ ਜਗਾਣਾ ਭੁੱਲ ਗਏ ਸਨ ।"


ਐਬਟਸਫੋਰਡ ਵਿੱਚ
ਹਰ ਤਰ੍ਹਾਂ ਦੀ ਨਵੀਂ ਜਾਂ ਪੁਰਾਣੀ ਕਾਰ ਖਰੀਦਣੀ ਜਾਂ ਬਦਲਣੀ ਹੋਵੇ, ਸਪੋਰਟਸ ਕਾਰ, ਵੈਨ ਜਾਂ ਪਿਕਅੱਪ ਲੈਣਾ ਹੋਵੇ ਤਾਂ ਮਿਲੋ ਜਾਂ ਫੂਨ ਕਰੋ ।
ਲਖਬੀਰ (ਲੱਕੀ) ਗੱਖੜ



OFF: 859-5271
RES: 853-1928
Toll free: 530-0254
Financing is available (O.A.C.)
FOR YOUR ANY AUTOMOBILE NEEDS,
CALL OR SEE (LUCKY) At
motorcade
"THE [logo] PEOPLE"
McCALLUM RD., At South Fraser Way,
ABBOTSFORD, B.C.

# ਅਕਾਲੀ 'ਐਕਸ਼ਨ' ਬਾਰੇ ਵਿਸ਼ੇਸ਼ ਸਰਕਾਰੀ ਸੈੱਲ

**ਗੁਰਦਾਸਪੁਰ:** ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਨੇ ਮੌਜੂਦਾ ਅਕਾਲੀ ਐਕਸ਼ਨ ਪ੍ਰੋਗਰਾਮ ਨਾਲ ਨਿਪਟਣ ਲਈ ਇਕ ਗੁਪਤ ਸੈੱਲ ਸਥਾਪਤ ਕੀਤਾ ਹੈ। ਇਸ ਸੈੱਲ ਦਾ ਮੁਖੀ ਪੰਜਾਬ ਸਰਕਾਰ ਦਾ ਇਕ ਚੋਟੀ ਦਾ ਸਿਖ ਆਈ. ਏ. ਐਸ. ਅਧਿਕਾਰੀ ਹੈ, ਜਿਸ ਨੂੰ ਕੁਝ ਮਹੀਨੇ ਪਹਿਲਾਂ ਦੂਜੇ ਪ੍ਰਾਂਤ 'ਚੋਂ ਬਦਲ ਕੇ ਇਥੇ ਲਾਇਆ ਗਿਆ ਹੈ।

ਇਸ ਅਧਿਕਾਰੀ ਨੂੰ ਅਕਾਲੀ ਸਿਆਸਤ ਅਤੇ ਸਿੱਖ ਮਸਲਿਆ ਸਬੰਧੀ ਸਲਾਹ ਮਸ਼ਵਰਾ ਦੇਣ ਲਈ ਸਹਾਇਤਾ ਵਜੋਂ ਤਿੰਨ ਸਿਖ ਬੁਧੀਜੀਵੀ ਨਿਸ਼ਚਤ ਕੀਤੇ ਗਏ ਹਨ, ਜਿਨ੍ਹਾ ਵਿਚ ਉਚੀ ਪਦਵੀ ਤੇ ਕਾਇਮ ਇਕ ਨਿਗਮ ਦਾ ਉੱਚ ਅਧਿਕਾਰੀ ਵੀ ਸ਼ਾਮਲ ਹੈ, ਜਦ ਕਿ ਬਾਕੀ ਦੋ ਅਜਿਹੇ ਸਾਹਿਤਕਾਰ ਹਨ ਜਿਨ੍ਹਾਂ ਦਾ ਇਸ ਸਮੇਂ ਅਕਾਲੀ ਦਲ ਅੰਦਰ ਵੀ ਪੂਰਾ ਰਸੂਖ ਹੈ। ਸਿੱਖਾਂ ਵਿਚ ਵੀ ਉਨ੍ਹਾਂ ਦਾ ਆਦਰ ਸਤਿਕਾਰ ਹੈ।

ਉੱਚ ਪੱਧਰੀ ਸਰਕਾਰੀ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਸਿਖ ਰਾਜਨੀਤੀ ਨਾਲ ਨਿਪਟਣ ਲਈ ਬਣਾਈ ਗਈ ਇਸ ਸਲਾਹਕਾਰ ਕਮੇਟੀ ਨੂੰ ਪੂਰਨ ਰੂਪ ਵਿਚ ਗੁਪਤ ਰੱਖਿਆ ਗਿਆ ਹੈ, ਜਿਸ ਦਾ ਵੱਡਾ ਮੰਤਵ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਦਾ ਅੰਤ ਕਰਕੇ ਅਕਾਲੀ ਦਲ ਵਿਚ ਨਵੀਂ ਲੀਡਰਸ਼ਿਪ ਨੂੰ ਜਨਮ ਦੇਣਾ ਹੈ। ਇਹ ਸਲਾਹਕਾਰ ਕਮੇਟੀ ਉਹ ਵਿਉਂਤਾਂ ਵੀ ਤਿਆਰ ਕਰੇਗੀ ਜਿਨ੍ਹਾ ਨਾਲ ਪੰਜਾਬ ਵਿਚ ਬੀਤੇ ਚਾਰ ਸਾਲਾਂ ਤੋਂ ਫੈਲਿਆ ਹੋਇਆ ਦਹਿਸ਼ਤਵਾਦ ਸਮਾਪਤ ਕੀਤਾ ਜਾ ਸਕੇ।

ਪੰਜਾਬ ਵਿਚ ਕੇਸਰੀ ਦਸਤਾਰਾਂ ਬੰਨ੍ਹਣ ਦੀ ਜੋ ਨਵੀਂ ਲਹਿਰ ਚੱਲੀ ਹੈ, ਇਸ ਦੀ ਵਿਰੋਧਤਾ ਵੀ ਇਸ ਕਮੇਟੀ ਦੀ ਰਾਏ ਤੇ ਸਰਕਾਰ ਵਲੋਂ ਨਹੀਂ ਕੀਤੀ ਗਈ, ਕਿਉਂਕਿ ਅਜਿਹੀ ਵਿਰੋਧਤਾ ਕਰਨ ਨਾਲ ਪੰਜਾਬ ਵਿਚ ਅਤਿਵਾਦ ਨੂੰ ਉਤਸ਼ਾਹ ਮਿਲਣਾ ਸੀ। ਜੇਕਰ ਪੰਜਾਬ ਵਿਚ ਕੇਸਰੀ ਦਸਤਾਰਾਂ ਬੰਨ੍ਹਣ ਦੀ ਲਹਿਰ ਜ਼ੋਰ ਪਕੜਦੀ ਹੈ ਤਾਂ ਉਸ ਦਾ ਪ੍ਰਭਾਵ ਅਕਾਲੀ ਰਾਜਨੀਤੀ ਤੇ ਪੈਣਾ ਲਾਜ਼ਮੀ ਹੈ। ਹੁਣ ਤਕ ਅਕਾਲੀ ਦਲ ਦੀ ਦਸਤਾਰ ਨੀਲੀ ਅਤੇ ਕਾਲੀ ਹੀ ਰਹੀ ਹੈ। ਇਨ੍ਹਾਂ ਦੋਹਾਂ ਰੰਗਾਂ ਦੀਆਂ ਦਸਤਾਰਾਂ ਦਾ ਅਕਾਲੀ ਦਲ ਦੇ ਬੀਤੇ 60 ਸਾਲਾਂ ਦੇ ਇਤਿਹਾਸ ਨਾਲ ਨਾਤਾ ਜੁੜਿਆ ਹੋਇਆ ਹੈ। ਜੇਕਰ ਅਕਾਲੀ ਦਲ ਵਲੋਂ ਪਗੜੀ ਦਾ ਰੰਗ ਬਦਲਣ ਦਾ ਨਿਰਣਾ ਕੀਤਾ ਜਾਂਦਾ ਹੈ, ਜਿਹਾ ਕਿ 11 ਫਰਵਰੀ ਨੂੰ ਹੋਈ ਅਕਾਲੀ ਦਲ ਦੀ ਮੀਟਿੰਗ ਵਿਚ ਏਜੰਡੇ ਤੇ ਸੀ, ਤਾਂ ਅਕਾਲੀ ਦਲ ਲਈ ਇਕ ਬਹੁਤ ਵੱਡੀ ਔਕੜ ਉਤਪੰਨ ਹੁ ਸਕਦੀ ਸੀ।

ਇਸ ਮੀਟਿੰਗ ਤੋਂ ਇਕ ਦਿਨ ਪਹਿਲਾਂ ਸੀਨੀਅਰ ਅਕਾਲੀ ਆਗੂਆਂ ਨੂੰ ਇਹ ਰਾਏ ਦਿਤੀ ਗਈ ਸੀ ਕਿ ਜੇਕਰ ਜੇਲ੍ਹਾ ਵਿਚ ਬੰਦ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਹੋਰ ਸੀਨੀਅਰ ਨੇਤਾਵਾ ਦੀ ਮਰਜ਼ੀ ਤੋਂ ਬਿਨਾ ਆਪਣੇ ਆਪ ਦਸਤਾਰ ਦਾ ਰੰਗ ਬਦਲ ਦਿਤਾ ਜਾਂਦਾ ਹੈ ਤਾਂ ਇਸ ਦਾ ਅਵੱਸ਼ ਹੀ ਅਕਾਲੀ ਰਾਜਨੀਤੀ ਨੂੰ ਧੱਕਾ ਲੱਗੇਗਾ। ਸਿਖ ਹਲਕਿਆ ਵਿਚ ਇਨੀਂ ਦਿਨੀਂ ਪਗੜੀ ਦੇ ਰੰਗ ਬਾਰੇ ਵਾਦ ਵਿਵਾਦ ਚਲ ਰਿਹਾ ਹੈ। ਅਕਾਲੀ ਲੀਡਰ ਅਤੇ ਵਰਕਰ ਸ਼ੰਕੇ ਵਿਚ ਹਨ ਕਿ ਕਿਸ ਰੰਗ ਦੀ ਦਸਤਾਰ ਬੰਨ੍ਹੀ ਜਾਏ।

**● ਬਕਾਇਆ**

ਸਕਾਟਲੈਂਡ ਦਾ ਇਕ ਵਾਸੀ ਆਪਣੀ ਨੌਕਰਾਣੀ ਹੈ ਬਰਖਾਸਤ ਕਰਨਾ ਚਾਹੁੰਦਾ ਸੀ ਪਰ ਨੌਕਰਾਨੀ ਬੀਮਾਰੀ ਦਾ ਬਹਾਨਾ ਬਣਾ ਕੇ ਲੇਟ ਗਈ ਇਸ ਲਈ ਕਿ ਉਹਦੀ ਤਨਖਾਹ ਬਾਕੀ ਸੀ।

ਮਾਲਕ ਨੇ ਫੈਮਲੀ ਡਾਕਟਰ ਨੂੰ ਬੁਲਾਇਆ। ਨੌਕਰਾਣੀ ਨੇ ਡਾਕਟਰ ਨੂੰ ਇਕਾਂਤ 'ਚ ਕਿਹਾ — "ਡਾਕਟਰ ਸਾਹਿਬ! ਮੈਂ ਬੀਮਾਰ ਨਹੀਂ ਹਾਂ। ਮਾਲਕ ਨੇ ਤਿੰਨ ਮਹੀਨੇ ਤੋਂ ਮੇਰੀ ਤਨਖਾਹ ਨਹੀਂ ਦਿੱਤੀ ਏ। ਇਸ ਲਈ ਬੀਮਾਰ ਬਣ ਗਈ ਹਾਂ। ਜਦੋਂ ਤੱਕ ਮੇਰੇ ਪੈਸੇ ਨਹੀਂ ਮਿਲਣਗੇ, ਇੱਥੋਂ ਨਹੀਂ ਜਾਵਾਂਗੀ।"

ਡਾਕਟਰ ਨੇ ਇਹ ਸੁਣ ਕੇ ਸਿਰ ਹਿਲਾਇਆ ਤੇ ਬੋਲਿਆ — "ਜ਼ਰਾ ਉਧਰ ਸਰਕ ਜਾਉ।" "ਕਿਉਂ?" "ਮੈਂ ਵੀ ਇੱਥੇ ਲੇਟਣਾ ਚਾਹੁੰਦਾ ਹਾਂ, ਇਸ ਲਈ ਕਿ ਮੈਨੂੰ ਦੋ ਸਾਲ ਤੋਂ ਆਪਣੀ ਫੀਸ ਨਹੀਂ ਮਿਲੀ।"

● ਸੁਰਜੀਤ

***********************************


# ਲੌਇਲ ਫਰਨੀਚਰ ਲਿ:

**2707 MAIN ST., VANCOUVER, B.C.**

THE HOUSE OF QUALITY FURNITURE




● ਵਧੀਆ ਕੁਆਲਿਟੀ ● ਵਾਜਬ ਕੀਮਤਾਂ ਤੇ

● ਭਰੋਸੇਯੋਗ ਸਰਵਿਸ ਲਈ ਹਮੇਸ਼ਾਂ ਯਾਦ ਰੱਖੋ

ਆਪਣੇ ਘਰਾਂ ਵਿੱਚ ਵਧੀਆ ਮਜ਼ਬੂਤ ਤੇ ਸ਼ਾਨਦਾਰ ਫਰਨੀਚਰ
ਰੱਖਣ ਲਈ ਹਮੇਸ਼ਾ ਇੱਕ ਹੀ ਨਾਮ ਯਾਦ ਰੱਖੋ

## ਲੌਇਲ ਫਰਨੀਚਰ

*OPEN 7 DAYS A WEEK*

LF

**LOYAL FURNITURE LTD**

**Ph.: 879-8319** 2707 Main Street,(at 11th Ave.) Vancouver, B.C. **Ph.: 879-4813**

Loyal - The Most Trusted Name in Furniture Business.

# ਫਿਲਮ ਦਰਪਣ

## 'ਰਿੱਕੀ' ਆ ਰਿਹਾ ਹੈ...

ਮਨੋਜ ਕੁਮਾਰ ਵਲੋਂ ਪੁੱਤਰ ਕੁਣਾਲ ਗੋਸਵਾਮੀ ਨੂੰ ਹੀਰੋ ਬਨਾਉਣ ਦਾ ਦੂਜਾ ਹੰਭਲਾ, ਫਿਲਮ 'ਰਿੱਕੀ', ਹੁਣ ਤਿਆਰ ਹੈ। ਇਸ ਤੋਂ ਪਹਿਲਾਂ ਕੁਣਾਲ 'ਘੁੰਗਰੂ' ਵਿਚ ਥੋੜ੍ਹੀ ਜਿਹੀ ਛਣਕਾਰ ਪਾ ਕੇ ਲਾਂਭੇ ਹੋ ਗਿਆ ਸੀ। ਡਾਇਰੈਕਟਰ ਅਸ਼ੋਕ ਨੇ 'ਰਿੱਕੀ' ਨੂੰ ਡਾਇਰੈਕਟ ਕੀਤਾ ਹੈ। ਮਨੋਜ ਦੇ ਸਾਲੇ ਭਾਈ ਅਸ਼ੋਕ ਨੇ ਕਦੇ 'ਪੇਂਟਰ ਬਾਬੂ' ਦਾ 'ਮਾਡਰਨ-ਆਰਟ' ਪੇਸ਼ ਕੀਤਾ ਸੀ। ਹੀਰੋਇਨ ਹੈ 1985 ਦੀ ਰੌਸ਼ਨੀ ਮੀਨਾਕਸ਼ੀ ਸ਼ੇਸ਼ਾਧਰੀ। ਹੋਰ ਹਨ ਸ਼ਰਮੀਲਾ ਤੇ ਨੂਤਨ।

ਮਨੋਜ ਕੁਮਾਰ ਦੇ ਕਈ ਮੰਜ਼ਲਾਂ ਕਿਲੇ ਬੰਗਲੇ ਵਿਚ ਕੁਣਾਲ ਨੇ ਸਾਨੂੰ ਦੱਸਿਆ ਕਿ 'ਰਿੱਕੀ' ਦੀ ਕਹਾਣੀ ਡਾਇਲਗ, ਗੀਤ ਤੇ ਐਡੀਟਿੰਗ ਸਭ ਮਨੋਜ ਕੁਮਾਰ ਦੇ ਹਨ। ਏਥੋਂ ਤਕ ਕਿ ਹਰ ਇਕ ਦ੍ਰਿਸ਼ ਦਾ ਸਕਰੀਨ ਪਲੇ ਵੀ ਮਨੋਜ ਕੁਮਾਰ ਨੇ ਲਿਖਿਆ ਹੈ ਪਰ ਮਨੋਜ ਨੇ ਫਿਲਮ 'ਰਿੱਕੀ' ਆਪਣੀ ਡਾਇਰੈਕਸ਼ਨ ਹੇਠ ਤਾਂ ਨਹੀਂ ਬਣਾਈ ਕਿਉਂਕਿ ਫਿਲਮ ਵਿਚ 'ਸੈਕਸ' ਤੇ ਗਲੈਮਰ ਅੰਤਾਂ ਦਾ ਹੈ।

ਅਸੀਂ ਅਸ਼ੀਰਵਾਦ ਦੇ ਕੇ ਉਠ ਆਏ। ਜੱਸ 'ਸੈਕਸ' ਤੇ ਗਲੈਮਰ ਨੂੰ ਜਿੱਤ ਬਖਸ਼ 'ਆਰਟ' ਮੂਧੇ ਮੂੰਹ ਜਾ ਡਿੱਗੇ। ਇਹੋ ਅਰਦਾਸਾਂ ਕਰਦੇ ਹਨ ਸਾਰੇ।

## ਸੰਜੇ ਖਾਨ ਤੇ ਕਿੰਗ ਬਰੂਸ

ਫਿਲਮ ਇੰਡਸਟਰੀ ਵਿਚ ਸੰਜੇ ਖਾਨ ਨੂੰ ਕਿੰਗ ਬਰੂਸ ਮੰਨਿਆ ਜਾਂਦਾ ਹੈ।

ਕਿੰਗ ਬਰੂਸ ਛੇਵੀਂ ਹਾਰ ਤੋਂ ਬਾਅਦ ਜਿੱਤਿਆ ਸੀ ਪਰ ਸੰਜੇ ਖਾਨ ਦੀ ਤਾਂ ਅਜੇ ਤੀਜੀ ਹਾਰ ਫਿਲਮ ਹੈ 'ਕਾਲਾ ਧੰਦਾ ਗੋਰੇ ਲੋਗ'। ਉਸ ਦੀਆਂ ਪਹਿਲੀਆਂ ਦੋ ਮਹਾਨ 'ਫਲਾਪ' ਫਿਲਮਾਂ ਸਨ 'ਚਾਂਦੀ ਸੋਨਾ' ਤੇ 'ਅਬਦੁੱਲਾ'। ਸੰਜੇ ਖਾਨ ਨੇ ਬੰਬਈ ਦੇ ਬਾਹਰਲੇ ਇਲਾਕੇ ਵਿਚ ਕੁਝ 'ਫਾਈਟ ਸੀਨ' ਮੁਹੰਮਦ ਅਲੀ ਦੀ ਡਾਇਰੈਕਸ਼ਨ ਵਿਚ ਫਿਲਮਾਉਂਦਿਆਂ ਹੋਇਆ ਸਾਨੂੰ ਦੱਸਿਆ ਕਿ ਜੇ ਕਿੰਗ-ਬਰੂਸ ਅਖੀਰ ਵਿਚ ਜਿੱਤਿਆ ਸੀ ਤਾਂ ਕੀ ਸੰਜੇ ਖਾਨ ਨਹੀਂ ਜਿੱਤੇਗਾ। ਪਰ ਇਸ ਜਿੱਤ ਲਈ ਉਸ ਨੂੰ ਚਾਰ ਹੋਰ 'ਫਲਾਪ' ਫਿਲਮਾਂ ਦੇਣੀਆਂ ਪੈਣਗੀਆਂ।

ਪਰ ਇਸ ਵਾਰ ਸੰਜੇ ਖਾਨ ਨੇ ਸ਼ੰਮੀ ਕਪੂਰ, ਸੁਨੀਲ ਦੱਤ, ਅਕਬਰ ਖਾਨ ਅੰਮ੍ਰਿਤਾ ਸਿੰਘ, ਅਨੀਤਾ ਰਾਜ ਆਦਿ ਕਲਾਕਾਰਾਂ ਦਾ ਜਮਘਟਾ ਇਕੱਠਾ ਕੀਤਾ ਹੋਇਆ ਹੈ।

ਸੰਗੀਤ ਲਕਸ਼ਮੀ ਪਿਆਰੇ ਦਾ ਹੈ।

ਸੰਜੇ ਖਾਨ ਇਸ ਤੀਸਰੀ ਫਿਲਮ ਨੂੰ ਹੀ ਸਫਲ ਬਨਾਉਣਾ ਚਾਹੁੰਦਾ ਹੈ। ਰੱਬ ਮੇਹਰ ਕਰੇ!

## ਸਲਮਾ ਆਗਾ ਕਿੱਥੇ ਹੈ ?

ਬੜੀ ਬੇਦਰਦ ਹੈ ਫਿਲਮੀ ਦੁਨੀਆਂ। ਕਦੇ ਉਸ ਨੇ 'ਨਿਕਾਹ' ਵਾਲੀ ਸਲਮਾ ਆਗਾ ਨੂੰ ਸਿਰ ਉਤੇ ਚੁੱਕਿਆ ਸੀ। ਪਰ ਹੁਣ 'ਕਸਮ ਪੈਦਾ ਕਰਨੇ ਵਾਲੇ ਕੀ' ਵਾਲੀ ਸਲਮਾ ਆਗਾ ਗੁਮਨਾਮੀਆਂ ਦੇ ਹਨੇਰੇ ਵਿਚ ਸੁੱਟ ਦਿਤੀ ਹੈ। 'ਅਸ਼ੋਕਾ ਐਪਾਰਟਮੈਂਟਸ' ਵਿਚੋਂ ਪਦਮਿਨੀ ਕੋਲ੍ਹਾਪੁਰੇ ਆਪਣ ਬਗਲੇ ਵਿਚ ਚਲੀ ਗਈ ਹੈ ਪਰ ਸਲਮਾ ਆਗਾ ਅਜੇ ਵੀ ਉਥੇ ਹੀ ਘੁਲ ਰਹੀ ਹੈ। ਤੇ ਉਡੀਕ ਰਹੀ ਹੈ ਰਾਮਾਨੰਦ ਸਾਗਰ ਦੀ ਫਿਲਮ 'ਸਲਮਾ' ਨੂੰ ਜਿਸ ਦਾ ਹੀਰੋ ਰਾਜ ਬੱਬਰ ਹੈ।

ਸਾਨੂੰ ਦੇਖ ਕੇ ਸਲਮਾ ਬੜੀ ਖੁਸ਼ ਹੋਈ ਸੀ। ਡੁੱਬਦੇ ਸੂਰਜਾਂ ਭਾਵ 'ਫਲਾਪ' ਸਟਾਰਾਂ ਨੂੰ ਮਿਲਣ ਆਏ ਲੋਕਾਂ ਨੂੰ ਦੇਖ ਕੇ ਬੜੀ ਖੁਸ਼ੀ ਹੁੰਦੀ ਹੈ। ਸਲਮਾ ਆਗਾ ਵੀ ਏਨੀ ਹੀ ਖੁਸ਼ ਹੋਈ ਸੀ।



ਸਲਮਾ ਆਗਾ ਤੇ ਦੀਪਕ ਪਰਾਸ਼ਰ

## ਜ਼ੀਨਤ ਅਮਾਨ ਵੀ ਗਾਇਬ

ਲਓ ਜ਼ੀਨਤ ਅਮਾਨ ਵੀ ਗਾਇਬ ਹੋ ਗਈ। ਨਾ ਅਜ ਉਹ ਫਿਲਮੀ ਪਾਰਟੀਆਂ ਵਿਚ ਦਿੱਸਦੀ ਹੈ ਤੇ ਨਾ ਹੀ ਉਹ ਸ਼ੂਟਿੰਗ ਕਰਦੀ ਹੋਈ ਮਿਲਦੀ ਹੈ। ਉਸ ਦੀਆਂ ਫਿਲਮਾਂ 'ਯਾਦੋਂ ਕੀ ਕਸਮ' (ਜ਼ੀਨੀ ਦਾ ਪਹਿਲਾ ਡਬਲ ਰੋਲ), 'ਬਾਤ ਬਣ ਜਾਏ' ਤੇ 'ਯਾਰ ਕਸਮ' ਉਸ ਨੂੰ ਉਡੀਕ ਰਹੀਆਂ ਹਨ। ਸੁਣਦੇ ਹਾਂ ਉਹ ਇਕ ਦੋ ਦਿਨ ਦੀ ਸ਼ੂਟਿੰਗ ਕਰ ਕੇ ਫੇਰ ਆਪਣੇ ਪ੍ਰੇਮੀ ਫਰੋਕ. ਪਾਸ ਕੈਨੇਡਾ ਉਡਾਰੀ ਮਾਰ ਜਾਂਦੀ ਹੈ।

# ਫਿਲਮਲੋਕ

## ਬਦਨਸੀਬ ਸੈਂਚਰੀ 'ਅਨਜਾਮ'

'ਸੈਂਚਰੀ ਸੌ ਦੀ ਗਿਣਤੀ ਪੂਰੀ ਹੋਣ ਤੇ ਬਣਦੀ ਹੈ। ਕਪਿਲ ਦੇਵ, ਰਵੀ ਸ਼ਾਸਤਰੀ ਦੀਆਂ ਸੈਂਚਰੀਆਂ ਮਸ਼ਹੂਰ ਹਨ।

ਪਰ ਵਿਚਾਰੀ ਰੱਤੀ ਅਗਨੀਹੋਤਰੀ ਦੀ 'ਸੈਂਚਰੀ' ਬਦਨਸੀਬ ਸਾਬਤ ਹੋਈ।




## Goyal Travels Inc.

4152 Fraser Street, Vancouver, B.C., Canada V5V 4E8
PH: (604) 872-7656 CABLE: GOYALTRAVE
B.C. Toll Free Number 112-800-663-9079
Alberta 1-800-663-9079
Cheapest Fares to India & Pakistan

IATA



THINKING OF TRAVEL?
WE CAN SAVE YOU
TIME—TROUBLE—MONEY
ASSOCIATED OFFICES IN INDIA:

- Opposite Nehru Gardens, G.T.Road, Jullundur City Phone 77526
- Court Road, Moga, Distt. Faridkot Phone 2798
- Court Road, Jagraon, Distt. Ludhiana Phone 252

JIM PATTISON Pontiac, Buick GMC TRUCKS



# JIM PATTISON

PONTIAC - BUICK - CADILLAC and GMC
3434 MAIN ST. VANCOUVER, B.C.
Tel. 879-4233

GM

1985 ਦੀਆਂ ਨਵੀਆਂ
ਕੈਡਲਿਕ ਖ੍ਰੀਦੋ

ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜ਼ਿਮੀ ਲੈਣ ਲਈ ਤੁਹਾਡੇ ਜਾਣੇ ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫੋਨ ਕਰੋ

## Parlad Gill





TIME FOR BUYING 1984
CARS & TRUCKS
ALSO TIME FOR BUYING
1985 NEW MODELS

Bus. 879 - 4233
Res. 435 - 1834

ਐਤਵਾਰ ਨੂੰ 10.30 ਵਜੇ ਸਵੇਰ ਤੋਂ ਲੈ ਕੇ 4.00 ਵਜੇ ਸ਼ਾਮ ਤੱਕ ਆਪਦੀ ਸੇਵਾ ਲਈ ਹਾਜ਼ਰ ਹਾਂ

# AMBIKA FOODS

## 5125 Victoria Drive, Vancouver

### PHONE: 327—0295

**Special Sale!** **Special Sale !** **ਸਪੈਸ਼ਲ ਸੇਲ !** **ਸਪੈਸ਼ਲ ਸੇਲ !**

## ਲੂਣ ਵਾਲਾ ਬਟਰ Butter Salted $2.25 1 lb.

| | | | | |
|---|---|---|---|---|
| Sugar<br>ਖੰਡ<br>4.99<br>with this coupon & other grocery purchase | Atta Farine<br>ਆਟਾ ਫਰੀਨ<br>9.89<br>2 × 10 Kg. bag | Long Grain Rice<br>ਲੌਂਗ ਗਰੇਨ ਰਾਈਸ<br>10.89<br>20 kg. | Milk<br>ਦੁੱਧ<br>3.29 4 lit. | Pachranga Achar<br>ਅਚਾਰ<br>99¢ big can lb. |
| Moong<br>ਮੂੰਗੀ<br>39¢ 1 lb. | Chana Dal<br>ਛੋਲਿਆਂ ਦੀ ਦਾਲ<br>39¢ 1 lb. | Manh<br>ਮਾਂਹ<br>39¢ 1 lb. | Black Chana<br>ਕਾਲੇ ਛੋਲੇ<br>39¢ 1 lb. | Massar<br>ਮਸਰ<br>39¢ 1 lb. |
| India Massar<br>ਭਾਰਤੀ ਮਸਰ<br>19¢ | Shona Saag<br>ਸ਼ੋਹਣਾ ਸਾਗ<br>99¢ each can | Corned Mutton<br>ਕੌਰਨਡ ਮਟਨ<br>1.69 | Bravo Chick Peas<br>ਬਰੇਵੋ ਕਾਬਲੀ ਛੋਲੇ<br>79¢ 19 oz. can | Rooh Afza Hamdard<br>ਰੂਹ ਅਫਜ਼ਾ<br>3.99 Bottle |
| Jeera<br>ਜੀਰਾ<br>99¢ 1 lb. | Dhania<br>ਧਨੀਆ<br>99¢ 1 lb. | Methi Seed<br>ਮੇਥਿਆਂ ਦੀ ਬੀਜ<br>99¢ 1 lb. | Fennal Seeds<br>99¢ 1 lb. | Chili Powder<br>ਪੀਸੀਆਂ ਲਾਲ ਮਿਰਚਾਂ<br>89¢ 1 lb. |
| Chicken Legs<br>ਮੁਰਗੇ ਦੀਆਂ ਲੱਤਾਂ<br>99¢ 1 lb. | Lamb Chops<br>ਲੈਂਬ ਚਾਪ<br>1.19 1 lb. | Lamb Shoulder<br>1.15 1 lb. | Almond<br>ਬਦਾਮ<br>1.89 1 lb. | Pista<br>ਪਿਸਤਾ<br>3.99 1 lb. |
| Cashu Nuts<br>ਕਾਜੂ<br>3.99 1 lb. | Basmati Rice<br>ਬਾਸਮਤੀ ਚਾਵਲ<br>59¢ 1 lb. | Puffed Murmurer Rice<br>1.49 1 lb. | Rice Flakes<br>99¢ 1 lb. | Khichdi or Khir Rice<br>ਖਿਚੜੀ ਜਾਂ ਖੀਰ ਚਾਵਲ<br>39¢ 1 lb. |
| Nabob Tea<br>ਨਵਾਬ ਚਾਹ<br>3.89 120 bags | Vegetable Oil<br>ਵੈਜੀਟੇਬਲ ਤੇਲ<br>3.77 3 lit. | Sunflower Oil<br>ਸਨਫਲਾਵਰ ਤੇਲ<br>26.99 16 lit. | Vegetable Oil<br>ਵੈਜੀਟੇਬਲ ਤੇਲ<br>17.89<br>16 lit. Pail | Mazzola Oil<br>ਮਜ਼ੌਲਾ ਤੇਲ<br>5.89 3 lit. |

# ਕੁਝ ਅਨੰਦਪੁਰ ਮਤੇ ਬਾਰੇ

*ਹਰਕਿਸ਼ਨ ਸਿੰਘ ਸੁਰਜੀਤ

ਸ਼ਰੋਮਣੀ ਅਕਾਲੀ ਦਲ ਦਾ ਆਨੰਦਪੁਰ ਦਲ ਦਾ ਆਨੰਦਪੁਰ ਸਾਹਿਬ ਮਤਾ, ਜਿਹਦੇ ਬਾਰੇ ਬੀਤੇ ਤਿੰਨ ਸਾਲਾਂ ਤੋਂ ਅਖਬਾਰਾਂ 'ਚ ਚਰਚਾ ਛਿੜੀ ਹੋਈ ਹੈ, ਅਠਵੀਂ ਲੋਕ ਸਭਾ ਦੀ ਚੋਣ ਮੁਹਿੰਮ ਦੌਰਾਨ ਕਾਂਗਰਸ ਆਈ ਵਲੋਂ ਕੇਂਦਰ ਬਿੰਦੂ ਬਣਾਇਆ ਗਿਆ। ਅਸਲ ਵਿਚ ਹੁਕਮਰਾਨ ਪਾਰਟੀ ਨੇ ਮਾਮਲੇ ਨੂੰ ਆਨੰਦਪੁਰ ਮਤੇ 'ਚ ਪੇਸ਼ ਕੀਤੇ ਵੱਖਵਾਦ ਦੇ ਟਾਕਰੇ ਤੇ ਦੇਸ਼ ਦੀ ਏਕਤਾ ਨੂੰ ਖਤਰੇ ਵਜੋਂ ਪੇਸ਼ ਕੀਤਾ। ਕਾਂਗਰਸ ਆਈ ਇਸ ਗਲਤ-ਬਿਆਨੀ ਤੋਂ ਵੀ ਬਾਜ਼ ਨਾ ਆਈ ਕਿ ਵਿਰੋਧੀ ਪਾਰਟੀਆ ਆਨੰਦਪੁਰ ਮਤੇ ਦੀ ਹਮਾਇਤ ਕਰਦੀਆ ਰਹੀਆਂ ਅਤੇ ਇਹ ਪ੍ਰਭਾਵ ਪੈਦਾ ਕੀਤਾ ਗਿਆ ਕਿ ਵਿਰੋਧੀ ਪਾਰਟੀਆਂ ਨੂੰ ਦੇਸ਼ ਦੀ ਏਕਤਾ ਬਾਰੇ ਕੋਈ ਚਿੰਤਾ ਨਹੀਂ ਸੀ।

ਬੀਤੇ ਸਾਢੇ ਤਿੰਨ ਸਾਲਾਂ 'ਚ ਵਾਪਰੀਆਂ ਵਾਰਦਾਤਾਂ (ਜਿਹਨਾਂ 'ਚ ਅਤਿਵਾਦੀਆਂ ਵਲੋਂ ਲਾਲਾ ਜਗਤ ਨਰਾਇਣ ਦੀ ਹੱਤਿਆ, ਪਾਕਿਸਤਾਨ ਨੂੰ ਭਾਰਤ ਦੇ ਹਵਾਈ ਜਹਾਜ ਦਾ ਅਗਵਾ ਖਾਲਿਸਤਾਨ ਦਾ ਝੰਡਾ ਲਹਿਰਾਉਣ, ਦਰਬਾਰ ਸਾਹਿਬ 'ਚ ਹਥਿਆਰ ਜਮਾਂ ਕਰਨ ਅਤੇ ਅਕਾਲੀ ਪਾਰਟੀ ਵਲੋਂ ਅਤਿਵਾਦੀਆਂ ਦੀ ਨਿਖੇਧੀ ਤੇ ਉਨ੍ਹਾਂ ਤੋਂ ਨਿਖੇੜੇ ਤੋਂ ਨਾਂਹ ਅਤੇ ਘੜੀ ਮੁੜੀ ਆਨੰਦਪੁਰ ਮਤੇ ਦੀ ਪਰਵਾਨਗੀ ਦੀ ਮੰਗ ਤੇ ਜੋਰ ਸ਼ਾਮਿਲ ਹੈ) ਦੇ ਪਿਛੋਕੜ 'ਚ ਕਾਂਗਰਸ ਆਈ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਨਾਹਰੇ ਪਿਛੇ ਦੇਸ਼ ਦੇ ਲੋਕਾਂ ਨੂੰ ਇਕਮੁਠ ਕਰ ਸਕੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਮਰਾਜਵਾਦ ਦੀ ਸਰਪ੍ਰਸਤੀ ਥਲੇ ਸਿੱਖ ਅਤਿਵਾਦੀਆਂ ਵਲੋਂ ਸਾਬਕਾ ਪ੍ਰਧਾਨ ਮੰਤਰੀ ਦੀ ਹੱਤਿਆ ਨੇ ਦੇਸ ਦੇ ਲੋਕਾਂ ਨੂੰ ਹਿਲਾ ਕੇ ਰੱਖ ਦਿਤਾ, ਕਿਉਂ ਜੋ ਬਾਹਰਲੇ ਦੇਸ਼ਾਂ ਤੋਂ ਸਾਮਰਾਜਵਾਦੀਆਂ ਵਲੋਂ ਅਤਿਵਾਦੀ ਅਨਸਰਾਂ ਨੂੰ ਸ਼ਹਿ ਮਿਲ ਰਹੀ ਸੀ ਅਤੇ ਇਹ ਅਨਸਰ ਦੇਸ਼ 'ਚ ਅਸਥਿਰਤਾ ਪੈਦਾ ਕਰਨ ਤੇ ਤੁਲੇ ਹੋਏ ਸਨ। ਕਤਲ ਮਗਰੋਂ ਹੋਏ ਫਸਾਦਾਂ ਕਾਰਨ ਸਿੱਖ ਫਿਰਕੇ 'ਚ ਗੈਰ ਹੋਣ ਦੀ ਭਾਵਨਾ ਵਧੀ। ਇਹ ਗਲ ਸਾਮਰਾਜਵਾਦ ਲਈ ਸਾਜ਼ਗਾਰ ਰਹੀ। ਪਰ ਬਦਕਿਸਮਤੀ ਨਾਲ ਵਿਰੋਧੀ ਪਾਰਟੀਆਂ ਨੇ ਜੋ ਵਥੇ-ਪਖੀ ਨਹੀਂ, ਇਸ ਗਲ ਨੂੰ ਨਾ ਪਛਾਣਿਆ ਅਤੇ ਆਪਣੇ ਸੰਘਰਸ਼ ਤੇ ਪ੍ਰਚਾਰ 'ਚ ਦੇਸ਼ ਦੀ ਏਕਤਾ ਨੂੰ ਖਤਰੇ ਦਾ ਮਖੌਲ ਉਡਾਇਆ। ਨਤੀਜਾ ਕਾਂਗਰਸ-ਆਈ ਦੇ ਹੱਕ 'ਚ ਵਿਆਪਕ ਸਮਰਥਨ 'ਚ ਨਿਕਲਿਆ।

ਲੋਕੀਂ ਇਹ ਜਾਨਣਾ ਚਾਹੁੰਦੇ ਹਨ ਕਿ ਇਹ ਆਨੰਦਪੁਰ ਮਤਾ ਕੀ ਹੈ, ਕੀ ਇਹ ਵਖਵਾਦੀ ਹੈ ਕਿ ਨਹੀਂ, ਕੀ ਅਕਾਲੀ ਪਾਰਟੀ ਅਜੇ ਵੀ ਇਹਦੇ ਦਮ ਭਰਦੀ ਹੈ?

## ਮਤੇ ਦਾ ਪਿਛੋਕੜ

ਆਜ਼ਾਦੀ ਤੋਂ ਲੈ ਕੇ ਅਕਾਲੀ ਪਾਰਟੀ ਦੋ ਵਾਰੀ ਕਾਂਗਰਸ ਨਾਲ ਹਕੂਮਤ 'ਚ ਭਾਈਵਾਲ ਬਣੀ ਪਹਿਲਾਂ ਆਜ਼ਾਦੀ ਮਿਲਣ ਤੋਂ ਮਗਰੋਂ 1949 ਤੋਂ 1952 ਤਕ, ਤੇ ਦੂਜੀ ਵਾਰੀ ਪੰਜਾਬ ਤੇ ਹਰਿਆਣੇ 'ਚ ਰੀਜਨਲ ਫਾਰਮੂਲੇ ਬਾਰੇ ਸਹਿਮਤੀ ਪਿਛੋਂ ਕਾਂਗਰਸ 'ਚ ਸ਼ਾਮਲ ਹੋਣ ਤੇ 1957-62 ਤੱਕ।

ਰਾਜ ਦੇ ਪੁਨਰ-ਗਠਣ ਮਗਰੋਂ 1967 ਦੀਆਂ ਚੋਣਾਂ 'ਚ ਅਕਾਲੀ ਪਾਰਟੀ ਮੁਖ ਪਾਰਟੀ ਵਜੋਂ ਸਾਹਮਣੇ ਆਈ ਤੇ ਇਸਨੇ ਸਾਂਝੇ ਮੋਰਚੇ ਦੀ ਸਰਕਾਰ ਬਣਾ ਲਈ ਕੇਂਦਰ ਦੀ ਕਾਂਗਰਸ ਸਰਕਾਰ ਨੇ ਇਹ ਸਰਕਾਰ ਉਲਟਾ ਦਿਤੀ ਅਤੇ ਇਸਦੀ ਥਾਂ ਕਾਂਗਰਸ ਆਈ ਦੀ ਹਮਾਇਤ ਵਾਲੀ ਸਰਕਾਰ ਬਣਾ ਲਈ। ਅਖੌਤੀ ਖਾਲਿਸਤਾਨ ਦਾ ਰਾਸ਼ਟਰਪਤੀ,ਲੰਦਨ ਜਾ ਵਸਿਆ ਜਗਜੀਤ ਸਿੰਘ ਚੌਹਾਨ ਇਸ ਸਰਕਾਰ 'ਚ ਖਜਾਨਾ ਮੰਤਰੀ ਸੀ। ਜਨਤਕ ਦਬਾਅ ਥਲੇ ਸਰਕਾਰ ਟੁਟ ਗਈ, ਤੇ ਫਿਰ 1969 ਦੀਆਂ ਚੋਣਾਂ ਮਗਰੋਂ ਅਕਾਲੀ ਪਾਰਟੀ ਨੇ ਸਰਕਾਰ ਬਣਾ ਲਈ। ਇਸ ਵਾਰੀ ਵੀ ਕੇਂਦਰ ਦੀ ਸਰਕਾਰ ਵਲੋਂ ਦਲ-ਬਦਲੀ ਦੁਆਰਾ ਸਰਕਾਰ ਡੇਗਣ ਦੇ ਯਤਨ ਕੀਤੇ ਗਏ ਜੋ ਨਾਕਾਮ ਰਹੇ। ਪਰ 1971 ਦੀਆਂ ਚੋਣਾਂ 'ਚ ਅਕਾਲੀ ਪਾਰਟੀ ਹਾਰ ਗਈ ਅਤੇ ਕਾਂਗਰਸ ਦੀ ਸਰਕਾਰ ਬਣ ਗਈ।

ਇਹ ਦੌਰ ਹੈ ਜਦੋਂ ਸਿੱਖ ਰੂੜੀਵਾਦੀਆਂ ਨੇ ਸਿਰ ਚੁਕਿਆ, ਅਤੇ ਸਿਖਾਂ ਨੂੰ ਅਕਾਲੀ ਪਾਰਟੀ ਪਿਛੇ ਜਥੇਬੰਦ ਕਰਨ ਲਈ ਸਿੱਖ ਫਿਰਕੇ ਨਾਲ ਨਾ ਇਨਸਾਫੀ ਦੇ ਨਾਅਰੇ ਬੁਲੰਦ ਕੀਤੇ ਗਏ। ਅਕਾਲੀ ਦਲ ਦੀ ਨੀਤੀ ਤੇ ਪ੍ਰੋਗਰਾਮ ਨੂੰ ਮੁੜ ਕੇ ਮਿਥਣ ਲਈ 11 ਦਸੰਬਰ 1972 ਨੂੰ ਇਕ ਕਮੇਟੀ ਬਣਾਈ ਗਈ। ਇਸ ਕਮੇਟੀ 'ਚ ਹਰ ਵਿਚਾਰ ਦੇ ਅਕਾਲੀ ਸ਼ਾਮਿਲ ਹੋਏ। 16-17 ਅਕਤੂਬਰ 1973 ਨੂੰ ਆਨੰਦਪੁਰ 'ਚ ਹੋਈ ਅਕਾਲੀ ਦਲ ਦੀ ਵਰਕਿੰਗ ਦੀ ਮੀਟਿੰਗ 'ਚ ਰੀਪੋਰਟ ਪੇਸ਼ ਹੋਈ ਤੇ ਬਹਿਸ ਉਪਰੰਤ ਪ੍ਰਵਾਨ ਕਰ ਲਈ ਗਈ। ਇਹ ਹੈ ਆਨੰਦਪੁਰ ਸਾਹਿਬ ਦਾ ਮਤਾ।

ਇਸ ਮਤੇ ਦੇ ਕਈ ਮਤਲਬ ਕਢੇ ਗਏ। ਜਿਹੜੇ ਚਾਹੁੰਦੇ ਸਨ ਕਿ ਅਤਿਵਾਦੀਆਂ ਤੋਂ ਨਿਖੇੜਾ ਕੀਤਾ ਜਾਏ, ਉਹ ਦਲੀਲ ਦੇਂਦੇ ਕਿ ਇਸ ਮਤੇ 'ਚ ਰਾਜਾਂ ਲਈ ਵਾਧੂ ਅਧਿਕਾਰਾਂ ਦੀ ਮੰਗ ਸ਼ਾਮਿਲ ਹੈ। ਕਈ ਹੋਰ ਦਾਅਵਾ ਕਰਦੇ ਕਿ ਮਤਾ ਸਿਖ ਕੌਮ ਦੇ ਸੰਕਲਪ ਤੇ ਅਧਾਰਤ ਹੈ। ਅਜੇ ਵੀ ਅਕਾਲੀਆਂ ਦੇ ਇਕ ਹਿਸੇ ਵਲੋਂ ਮਤੇ ਦੇ ਦੋ ਅਰਥ ਕਢੇ ਜਾ ਰਹੇ ਹਨ। ਸੰਤ ਲੌਂਗੋਵਾਲ ਦੇ ਪੈਰੋਕਾਰ ਐਲਾਨ ਕਰਦੇ ਹਨ ਕਿ ਉਹ 'ਖਾਲਿਸਤਾਨ' ਦਾ ਵਿਰੋਧ ਕਰਦੇ ਹਨ, ਪਰ ਇਸਦੇ ਬਾਵਜੂਦ ਉਹ ਘੜੀ ਮੁੜੀ ਆਖਦੇ ਫਿਰਦੇ ਹਨ ਕਿ ਉਹ ਆਨੰਦਪੁਰ ਮਤੇ ਦੇ ਪਖ 'ਚ ਹਨ ਤੇ ਇਸਨੂੰ ਸਰਕਾਰ ਨਾਲ ਗੱਲਬਾਤ ਸਮੇਂ ਸ਼ਰਤ ਵਜੋਂ ਪੇਸ਼ ਕਰਦੇ ਹਨ। ਅਤਿਵਾਦੀ ਖੁਲੇ ਰੂਪ 'ਚ ਦਾਅਵਾ ਕਰਦੇ ਹਨ ਕਿ ਉਨ੍ਹਾਂ ਦਾ ਖਾਲਿਸਤਾਨ ਦਾ ਨਾਅਰਾ ਆਨੰਦਪੁਰ ਮਤੇ ਤੇ ਅਧਾਰਤ ਹੈ। ਆਨੰਦਪੁਰ ਮਤੇ ਦੇ ਅਧਿਅਨ ਤੇ ਪਤਾ ਲਗਦਾ ਹੈ ਕਿ ਇਸ ਵਿਚ ਵੱਖਵਾਦ ਦੇ ਬੀਜ ਹਨ, ਤੇ ਜੇ ਇਸ ਤੇ ਚਲਿਆ ਜਾਏ, ਤਾਂ ਇਹਦਾ ਮਤਲਬ ਹੋਵੇਗਾ ਧਾਰਮਿਕ ਰੂੜੀਵਾਦ ਤੇ ਅਧਾਰਤ ਰਾਜ ਦਾ ਨਿਰਮਾਣ, ਜਿਹੜਾ ਧਰਮ ਨਿਰਲੇਪਤਾ ਅਤੇ ਜਮੂਹਰੀਅਤ ਦੇ ਅਸੂਲ ਦੀ ਉਲੰਘਨਾਹੈ।

ਸ਼ਰੋਮਣੀ ਅਕਾਲੀ ਦਲ ਦੇ ਰਾਜਸੀ ਨਿਸ਼ਾਨੇ ਨੂੰ ਪ੍ਰੀਭਾਸ਼ਤ ਕਰਦਿਆਂ ਆਨੰਦਪੁਰ ਮਤਾ ਆਖਦਾ ਹੈ— ਸ਼ਰੋਮਣੀ ਅਕਾਲੀ ਦਲ ਦਾ ਰਾਜਸੀ ਨਿਸ਼ਾਨਾ ਨਿਸ਼ਚੇ ਤੌਰ ਤੇ ਸਾਹਿਬ ਦਸਮੇਂ ਪਾਤਿਸ਼ਾਹ ਦੇ ਆਦੇਸ਼ਾਂ, ਸਿੱਖ ਇਤਹਾਸ ਦੇ ਪੰਨਿਆਂ ਅਤੇ ਖਾਲਸਾ ਪੰਥ ਦੇ ਮਨ ਮੰਦਰ ਵਿਚ ਉਕਰਿਆ ਚਲਿਆ ਆ ਰਿਹਾ ਹੈ, ਜਿਸ ਦਾ ਮਨੋਰਥ 'ਖਾਲਸਾ ਜੀ ਦੇ ਇਸ ਜਨਮ ਸਿਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ਼ ਕਾਲ ਅਤੇ ਰਾਜਸੀ ਵਿਧਾਨ ਦੀ ਸਿਰਜਨਾ ਪਰਾਪਤੀ ਸ਼ਰੋਮਣੀ ਅਕਾਲੀ ਦਲ ਤੇ ਬੁਨਿਆਦੀ ਢਾਂਚੇ ਦੀ ਨੀਂਹ ਹੈ।'



ਇਹਦੇ ਵਿਚ 'ਪੰਥ ਦੀ ਨਿਵੇਕਲੀ ਸੁਤੰਤਰ ਪਛਾਣ' ਵਲ ਇਸ਼ਾਰਾ ਹੈ ਅਤੇ 'ਖਾਲਸਾ ਜੀ ਦੇ ਬੋਲ ਬਾਲੇ ਨੂੰ ਲੋੜੀਂਦੇ ਦੇਸ਼-ਕਾਲ ਅਤੇ ਰਾਜਸੀ ਵਿਧਾਨ ਦੀ ਸਿਰਜਨਾ-ਪ੍ਰਾਪਤੀ' ਦੁਆਰਾ ਅੰਤਮ ਟੀਚੇ ਵਜੋਂ ਮਿਥਣਾ ਹੈ। ਦੁਆਰਾ ਇਸ ਨਿਸਾਨੇ ਨੂੰ ਟੀਚੇ ਵਜੋਂ ਬਿਆਨ ਕਰਕੇ ਕਿਵੇਂ ਕਹਿਆ ਜਾ ਸਕਦਾ ਹੈ ਕਿ ਮਤਾ 'ਸਿੱਖ ਕੌਮ' ਦੇ ਖਤਰਨਾਕ ਸਿਧਾਂਤ ਨੂੰ ਪ੍ਰਚਾਰਦਾ ਹੈ। ਮਤੇ 'ਚ ਸਾਫ ਸ਼ਬਦਾਂ 'ਚ ਦਾਅਵਾ ਕੀਤਾ ਗਿਆ ਹੈ ਕਿ ਜਿਥੋਂ ਤਕ ਸਿੱਖਾਂ ਦਾ ਸਬੰਧ ਹੈ ਧਰਮ ਤੇ ਰਾਜਨੀਤੀ ਅੱਡ ਅੱਡ ਨਹੀਂ। ਮਤਾ ਸਿੱਖ ਰਹਿਤ ਮਰਿਆਦਾ ਤੇ ਅਧਾਰਤ ਰਾਜ ਦੀ ਵਕਾਲਤ ਕਰਦਾ ਹੈ।

ਅਸਲ ਵਿਚ, ਅਕਾਲੀ ਪਾਰਟੀ ਦੇ ਉਹ ਆਗੂ ਜਿਹੜੇ ਖਾਲਿਸਤਾਨ ਦੇ ਅਤਿਵਾਦੀ ਨਾਅਰੇ ਅਤੇ ਅਤਿਵਾਦੀਆਂ ਵਲੋਂ ਆਨੰਦਪੁਰ ਮਤੇ ਨੂੰ ਵੱਖਵਾਦ ਦੇ ਮਨੋਰਥ ਲਈ ਵਰਤੇ ਜਾਣ ਤੇ ਤੰਗ ਹਨ, ਉਨ੍ਹਾ ਨੇ ਉਸ ਸਮੇਂ ਆਨੰਦਪੁਰ ਮਤੇ ਦਾ ਵਿਰੋਧ ਨਹੀਂ ਸੀ ਕੀਤਾ। ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਸਰਵ ਸੰਮਤੀ ਨਾਲ ਪ੍ਰਵਾਨ ਕੀਤਾ ਗਿਆ ਇਹ ਮਤਾ ਕੀ ਗੰਭੀਰ ਸਿੱਟੇ ਕਢ ਸਕਦਾ ਹੈ। ਅਕਾਲੀ ਪਾਰਟੀ ਵਲੋਂ ਬਾਅਦ 'ਚ ਹੋਈ ਇਕ ਕਾਨਫਰੰਸ 'ਚ ਬਿਨਾਂ ਕਿਸੇ ਬਹਿਸ ਦੇ ਇਸ ਮਤੇ ਦੀ ਪੁਸ਼ਟੀ ਕਰ ਦਿਤੀ ਗਈ। ਚੰਗੇ ਭਾਗੀਂ, ਮਤਾ ਕਾਫੀ ਸਮਾਂ ਅਣਗੌਲਿਆ ਰਿਹਾ ਅਤੇ ਅਕਾਲੀ ਪਾਰਟੀ ਨੇ ਲੋਕਾਂ ਦੇ ਮੁਤਾਲਬਿਆ ਸਬੰਧੀ ਕਈ ਸਾਂਝੇ ਅੰਦੋਲਨਾਂ 'ਚ ਹਿਸਾ ਲਿਆ ਤੇ ਐਮਰਜੰਸੀ ਵਿਰੁਧ ਸੰਘਰਸ਼ ਵੀ ਕੀਤਾ ਇਹ ਸੰਘਰਸ਼ ਐਮਰਜੰਸੀ ਦੇ ਖਾਤਮੇ ਤਕ ਜਾਰੀ ਰਿਹਾ।

ਤਾਕਤ-ਅਜ਼ਮਾਈ 'ਚ ਪੈ ਕੇ ਆਨੰਦਪੁਰ ਦਾ ਮਤਾ ਅੱਖੋਂ ਉਹਲੇ ਰਹਿ ਗਿਆ। 1977 ਦੀਆਂ ਚੋਣਾਂ 'ਚ ਆਨੰਦਪੁਰ ਸਾਹਿਬ ਮਤੇ ਦਾ ਜ਼ਿਕਰ ਤਕ ਨਹੀਂ ਸੀ।

1977 ਦੀਆਂ ਚੋਣਾਂ 'ਚ ਅਕਾਲੀ ਪਾਰਟੀ ਨੇ ਵਡੀ ਬਹੁ-ਗਿਣਤੀ ਪ੍ਰਾਪਤ ਕਰ ਲਈ ਅਤੇ ਜਨਤਾ ਪਾਰਟੀ ਨਾਲ ਮਿਲਕੇ ਸਰਕਾਰ ਬਣਾ ਲਈ। ਅਕਾਲੀ ਪਾਰਟੀ ਕੇਂਰ ਮੰਤਰੀ ਮੰਡਲ 'ਚ ਵੀ ਸ਼ਾਮਿਲ ਹੋ ਗਈ। ਰਾਸ਼ਟਰੀ ਮੁਖਧਾਰਾ 'ਚ ਸ਼ਾਮਿਲ ਹੋਣ ਤੇ ਅਕਾਲੀ ਲੀਡਰਸ਼ਿਪ ਨੂੰ ਆਨੰਦਪੁਰ ਮਤੇ ਦੇ ਖਤਰਨਾਕ ਪਹਿਲੂਆਂ ਦਾ ਅਨੁਭਵ ਹੋਇਆ, ਅਤੇ ਉਹ ਕਿਸੇ ਨਾ ਕਿਸੇ ਤਰ੍ਹਾਂ ਇਸ ਝਮੇਲੇ 'ਚੋਂ ਬਾਹਰ ਨਿਕਲਣ ਲਈ ਹਥ ਪੈਰ ਮਾਰਦੀ ਰਹੀ। ਅਕਾਲੀ ਆਗੂ ਇਹ ਪ੍ਰਭਾਵ ਵੀ ਨਹੀਂ ਦੇਣਾ ਚਾਹੁੰਦੇ ਸਨ ਕਿ ਉਨ੍ਹਾਂ ਨੇ ਆਨੰਦਪੁਰ ਮਤਾ ਤਿਆਗ ਦਿਤਾ ਹੈ।

28-29 ਅਕਤੂਬਰ, 1978 ਨੂੰ ਲੁਧਿਆਣੇ 'ਚ ਹੋਈ 18ਵੀਂ ਕੁਲ ਹਿੰਦ ਅਕਾਲੀ ਕਾਨਫਰੰਸ ਨੇ ਇਕ ਹੋਰ ਮਤਾ ਪਾਸ ਕੀਤਾ, ਜਿਹੜਾ ਗੁਰਚਰਨ ਸਿੰਘ ਟੌਹੜਾ ਵਲੋਂ ਪੇਸ਼ ਕੀਤਾ ਗਿਆ ਅਤੇ ਜਿਸਦੀ ਪ੍ਰਕਾਸ਼ ਸਿੰਘ ਬਾਦਲ ਨੇ ਪੁਸ਼ਟੀ ਕੀਤੀ। ਇਹ ਮਤਾ ਵੀ ਸਰਵ ਸੰਮਤੀ ਨਾਲ ਪਾਸ ਕੀਤਾ ਗਿਆ।

## ਲੁਧਿਆਣੇ ਦਾ ਮਤਾ

ਪਿਛੇ ਜਿਹੇ ਅਕਾਲੀ ਦਲ ਨੇ ਇਸ ਮਤੇ ਨੂੰ ਆਨੰਦਪੁਰ ਮਤੇ ਵਜੋਂ ਵੰਡਿਆ ਹੈ ਅਤੇ ਇਹਦੇ ਆਧਾਰ ਤੇ ਦਲੀਲ ਪੇਸ਼ ਕੀਤੀ ਹੈ ਕਿ ਮਤਾ ਵਖਵਾਦੀ ਨਹੀਂ। ਇਹ ਮਤਾ ਕੁਲ ਹਿੰਦ ਅਧਿਵੇਸ਼ਨ 'ਚ ਪਾਸ ਕੀਤਾ ਗਿਆ, ਇਸ ਵਾਸਤੇ ਇਸ ਨੇ ਪਹਿਲੇ ਮਤੇ ਦੀ ਥਾਂ ਲੈ ਲਈ, ਪਰ ਅਤਿਵਾਦ ਦੇ ਦਬਾਅ ਕਾਰਨ, ਕਿਸੇ'ਚ ਹਿੰਮਤ ਹੀ ਨਹੀਂ ਸੀ ਕਿ ਉਹ ਅਜਿਹੀ ਵਿਆਖਿਆ ਦੇ ਸਕਦਾ। ਇਹ ਦਸਣ ਲਈ ਕਿ ਅਕਾਲੀ ਅਸਲੀ ਆਨੰਦਪੁਰ ਮਤੇ ਨੂੰ ਤਿਆਗ ਨਹੀਂ ਰਹੀ, ਉਨ੍ਹਾ ਨੇ ਨਵੇਂ ਮਤੇ ਦੇ ਸ਼ੁਰੂ 'ਚ ਲਿਖ ਦਿਤਾ—ਆਨੰਦਪੁਰ ਮਤੇ ਦੀ ਰੌਸ਼ਨੀ 'ਚ ਪ੍ਰਵਾਨ ਹੋਇਆ। ਉਨ੍ਹਾ ਨੇ ਇਹਦਾ ਹਵਾਲਾ ਮਤੇ ਦੇ ਮਜ਼ਮੂਨ ਵਿਚ ਵੀ ਦਿਤਾ ਹੈ ਪਰ ਇਹ ਅਸਲੀ ਆਨੰਦਪੁਰ ਮਤੇ ਨਾਲੋਂ ਅਡਰਾ ਹੈ, ਕਿਉਂ ਜੋ ਇਹਦੇ 'ਚ 'ਪੰਥ ਦੇ ਬੋਲ ਬਾਲੇ' ਅਤੇ ਰਾਜਸੀ ਵਿਧਾਨ ਦੀ ਸਿਰਜਣਾ-ਪ੍ਰਾਪਤੀ ਦੁਆਰਾ ਖਾਲਸਾ ਜੀ ਦੇ ਜਨਮ-ਸਿਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ਼ ਕਾਲ ਦਾ ਵਰਨਣ ਨਹੀਂ। ਮਤੇ ਦੇ ਅਖੀਰ 'ਚ ਦਰਜ ਹੈ — ਸ਼ਰੋਮਣੀ ਅਕਾਲੀ ਦਲ ਜਨਤਾ ਸਰਕਾਰ ਤੇ ਜ਼ੋਰ ਦੇ ਕੇ ਆਖਦਾ ਹੈ ਕਿ ਉਹ ਵਖੋ ਵਖਰੇ ਭਾਸ਼ਾਈ, ਸਭਿਆਚਾਰਕ ਤਬਕਿਆਂ, ਧਾਰਮਿਕ ਘਟ ਗਿਣਤੀਆ ਅਤੇ ਲੱਖਾਂ ਕਰੋੜਾ ਦੇਸ਼ ਵਾਸੀਆਂ ਦੀ ਆਵਾਜ਼ ਵਲ ਧਿਆਨ ਦੇਵੇ ਅਤੇ ਦੇਸ਼ ਦੇ ਸੰਵਿਧਾਨਕ ਢਾਂਚੇ ਨੂੰ ਹਕੀਕੀ, ਅਰਥ-ਭਰਪੂਰ ਫੈਡਰਲ ਅਸੂਲਾਂ ਤੇ ਨਵੇਂ ਸਿਰੇ ਢਾਲੇ, ਤਾਂ ਜੋ ਦੇਸ਼ ਦੀ ਅਖੰਡਤਾ ਅਤੇ ਕੌਮੀ ਏਕਤਾ ਲਈ ਖਤਰੇ ਦੀ ਸੰਭਾਵਨਾ ਖਤਮ ਹੋਵੇ ਅਤੇ ਰਾਜ ਆਪਣੀਆਂ ਸ਼ਕਤੀਆ ਦੀ ਅਰਥ-ਭਰਪੂਰ ਪਰਤੋਂ ਦੁਆਰਾ ਆਪਣੇਆਪਣੇ ਦਾਇਰੇ 'ਚ ਭਾਰਤ ਦੇ ਲੋਕਾਂ ਦੀ ਤਰੱਕੀ ਤੇ ਖੁਸ਼ਹਾਲੀ ਲਈ ਮੁਫੀਦ ਕਿਰਦਾਰ ਨਿਭਾ ਸਕਣ।

ਇਥੇ ਕੇਂਦਰ-ਰਾਜ ਸਬੰਧਾਂ ਨੂੰ ਨਵੇਂ ਸਿਰੇ ਉਸਾਰਨ ਦੀ ਮੰਗ ਕੀਤੀ ਗਈ ਹੈ, ਤਾਂ ਜੋ ਕੌਮੀ ਏਕਤਾ ਅਤੇ ਦੇਸ਼ ਦੀ ਅਖੰਡਤਾ ਨੂੰ ਖਤਰੇ ਦੀ ਸੰਭਾਵਨਾ ਖਤਮ ਹੋਵੇ, ਅਤੇ ਇਹ ਆਨੰਦਪੁਰ ਮਤੇ 'ਚ ਦਿਤੇ ਵਖਵਾਦ ਦੇ ਵਿਚਾਰ ਦੇ ਐਨ ਉਲਟ ਹੈ। ਲੁਧਿਆਣੇ ਦੇ ਮਤੇ ਨੂੰ ਵੀ ਜਨਤਕ ਰਾਏ ਦੀ ਲਾਮਬੰਦੀ ਲਈ ਸਾਧਨ ਵਜੋਂ ਨਾ ਅਪਨਾਇਆ ਗਿਆ। ਇਹ ਜਿਉਂ ਦਾ ਤਿਉਂ ਪਿਆ ਰਿਹਾ। ਫਿਰ ਇੰਦਰਾ ਗਾਂਧੀ ਤਾਕਤ 'ਚ ਆ ਗਈ, ਅਤੇ ਅਕਾਲੀ ਦਲ ਅੰਦਰੂਨੀ ਸੰਕਟ ਕਾਰਨ ਦੋਫਾੜ ਹੋ ਗਿਆ। ਅਦਾਲੀ ਦਲ ਦੇ ਤਲਵੰਡੀ ਗਰੁਪ ਨੇ ਆਨੰਦਪੁਰ ਮਤੇ ਨੂੰ ਲਾਗੂ ਕਰਵਾਉਣ ਲਈ ਮੋਰਚਾ ਸਾਲ ਭਰ ਚਲਿਆ, ਪਰ ਇਸ ਨੂੰ ਕੋਈ ਹੁੰਗਾਰਾ ਨਾ ਮਿਲਿਆ। ਸ਼ਰੋਮਣੀ ਅਕਾਲੀ ਦਲ ਪਾਣੀਆ ਦੇ ਮਸਲੇ ਤੇ ਪੰਜਾਬ 'ਚ ਮੋਰਚੇ ਦੀ ਅਗਵਾਈ ਕਰ ਰਿਹਾ ਸੀ।

ਇਸੇ ਦੌਰਾਨ ਅਤਿਵਾਦੀ ਆਗੂ, ਭਿੰਡਰਾਵਾਲੇ ਨੇ ਐਲਾਨ ਕੀਤਾ ਕਿ ਉਹ ਆਪਣੇ ਦੋ ਬੇਲੀ ਛੁਡਾਉਣ ਲਈ ਦਰਬਾਰ ਸਾਹਿਬ ਵਿਚੋਂ ਮੋਰਚਾ ਛੇੜੇਗਾ। ਮਿਲਣ ਵਾਲੇ ਹੁੰਗਾਰੇ ਤੋਂ ਡਰਦਿਆਂ, ਸ਼ਰੋਮਣੀ ਅਕਾਲੀ ਦਲ ਨੇ ਪੰਥਕ ਕਨਵੈਨਸ਼ਨ ਸੱਦੀ ਤੇ ਇਕ ਮੰਗ ਚਾਰਟਰ ਪਰਵਾਨ ਕੀਤਾ, ਜਿਹਦੇ ਵਿਚ ਭਿੰਡਰਾਂ ਵਾਲੇ ਦੀ ਮੰਗ ਤੋਂ ਇਲਾਵਾ ਆਨੰਦਪੁਰ ਦਾ ਮਤਾ ਵੀ ਸ਼ਾਮਿਲ ਸੀ ਅਤੇ ਧਰਮ ਯੁਧ ਦੇ ਨਾਅਰੇ ਥੱਲੇ ਮੋਰਚਾ ਚਾਲੂ ਕਰ ਦਿਤਾ ਗਿਆ।

ਇਸਦਾ ਨਤੀਜਾ ਅਤਿਵਾਦੀਆਂ ਦੇ ਹੱਥਾਂ ਵਿਚ ਖੇਡਣ ਤੋਂ ਛੁਟ ਹੋਰ ਕੀ ਹੋ ਸਕਦਾ ਸੀ, ਤੇ ਅੰਤ ਨੂੰ ਹੋਇਆ ਵੀ ਇਹੋ ਸੀ।

## ਅਕਾਲੀ ਪਾਰਟੀ ਲਈ ਮੁੜਕੇ ਸੋਚਣ ਦੀ ਘੜੀ

ਅਕਾਲੀ ਪਾਰਟੀ ਨੂੰ ਬੀਤੇ ਤਿੰਨ ਸਾਲਾਂ ਦੌਰਾਨ ਵਾਪਰੀਆਂ ਘਟਨਾਵਾਂ ਤੋਂ ਸਬਕ ਸਿਖਣਾ ਹੋਵੇਗਾ। ਆਨੰਦਪੁਰ ਮਤੇ ਬਾਰੇ ਕੋਈ ਦਲੀਲ ਦੇਣ ਦਾ ਕੋਈ ਫਾਇਦਾ ਨਹੀਂ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਦੇ ਦੁਹਰਾਏ ਜਾਣ ਤੇ ਉਨ੍ਹਾਂ ਰੂੜੀਵਾਦੀਆਂ ਅਤੇ ਅੱਤਵਾਦੀਆ ਨੂੰ ਹੀ ਬੜਾਵਾ ਮਿਲਿਆ ਹੈ ਜਿਹੜੇ ਖਾਲਿਸਤਾਨ ਦੇ ਵਖਵਾਦੀ ਨਾਅਰੇ ਨੂੰ ਹਵਾ ਦੇ ਰਹੇ ਹਨ। ਧਰਮ ਤੇ ਆਧਾਰ ਤੇ ਰਾਜ ਦਾ ਨਿਰਮਾਣ ਇਕ ਪ੍ਰਤੀਗਾਮੀ ਕਦਮ ਹੈ। ਪਾਕਿਸਤਾਨ ਧਾਰਮਿਕ ਬੰਧਨਾਂ ਦੇ ਆਧਾਰ ਤੇ ਬਣਿਆ, ਪਰ ਉਸਦੀ ਵੀ ਏਕਤਾ ਕਾਇਮ ਨਾ ਰਹੀਂ, ਬੰਗਲਾ ਦੇਸ਼ ਟੁੱਟ ਕੇ ਵਖ ਹੋ ਗਿਆ। ਇਕ ਗੱਲ ਹੋਰ, ਇਸ ਦੇਸ਼ ਦੀ ਏਕਤਾ ਅਤੇ ਅਖੰਡਤਾ ਤੇ ਕਿਸੇ ਹਮਲੇ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਜੇ ਅਕਾਲੀ ਲੀਡਰਸ਼ਿਪ ਸਦਾ ਵਾਂਗ ਖਾਲਿਸਤਾਨ ਦੀ ਵਖਵਾਦੀ ਮੰਗ ਦਾ ਵਿਰੋਧ ਕਰਦੀ ਹੈ, ਅਤੇ ਦੇਸ਼ ਦੀ ਏਕਤਾ ਦੀ ਮੁਦਈ ਹੈ ਤਾਂ ਉਹ ਘੜੀ ਮੁੜੀ ਆਨੰਦਪੁਰ ਮਤੇ ਦੀ ਰੱਟ ਕਿਉਂ ਲਾ ਰਹੀ ਹੈ? ਉਹ ਲੁਧਿਆਣੇ ਦੇ ਮਤੇ 'ਚ ਕੇਂਦਰ ਰਾਜ ਸਬੰਧਾਂ ਬਾਰੇ ਸਟੈਂਡ ਕਿਉਂ ਨਹੀਂ ਲੈਂਦੇ। ਕੇਂਦਰ ਰਾਜ ਸਬੰਧਾਂ ਦਾ ਮਸਲਾ ਸਰਕਾਰੀਆ ਕਮਿਸ਼ਨ ਦੇ ਹਵਾਲੇ ਕੀਤਾ ਜਾ ਸਕਦਾ ਹੈ। ਜੇ ਉਹ ਇਵੇਂ ਕਰ ਲੈਣ ਤਾਂ ਉਨ੍ਹਾ ਨੂੰ ਵੱਖੋ ਵੱਖਰੇ ਰਾਜਾਂ ਵਿਚ ਉਨ੍ਹਾਂ ਲੋਕਾਂ ਦਾ ਸਮਰਥਨ ਮਿਲ ਸਕਦਾ ਹੈ, ਜਿਹੜੇ ਦੇਸ ਦੀ ਏਕਤਾ ਨੂੰ ਮਜਬੂਤ ਕਰਨ ਲਈ ਕੇਂਦਰ ਰਾਜ ਸਬੰਧਾਂ ਨੂੰ ਨਵੇਂ ਸਿਰੇ ਢਾਲਣਾ ਲੋੜਦੇ ਹਨ। ਜੇ ਉਹ ਅਤਿਵਾਦੀਆਂ ਵਲੋਂ ਦਬਾਅ ਥੱਲੇ ਡੋਲਦੇ ਰਹੇ, ਤਾਂ ਦੇਸ਼ ਨੂੰ ਜਾਰ ਅਤੇ ਸਿੱਖਾ ਨੂੰ ਹੋਰ ਨੁਕਸਾਨ ਪੁਜੇਗਾ। ਅਤਿਵਾਦੀਆਂ ਨੂੰ ਪਤਿਆਉਣ ਦੀ ਲੋੜ ਨਹੀਂ। ਚਾਹੀਦਾ ਇਹ ਹੈ ਕਿ ਉਨ੍ਹਾਂ ਦੀ ਨਿਖੇਧੀ ਕੀਤੀ ਜਾਏ। ਅਕਾਲ ਤਖਤ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਦੀ ਜਾਨ ਤੇ ਹਮਲਾ ਆਉਣ ਵਾਲੇ ਹਾਲਾਤ ਦਾ ਸੰਕੇਤ ਹੈ। ਅਜ ਵੀ ਆਪ ਸਿੱਖਾਂ ਦੇ ਹਿਤ ਪੰਜਾਬੀ ਲੋਕਾਂ ਦੀ ਏਕਤਾ ਅਤੇ ਦੇਸ਼ ਵਿਚ ਵਸਣ ਵਾਲੇ ਸਮੂੰਹ ਫਿਰਕਿਆਂ ਦੀ ਏਕਤਾ ਦੀ ਮੰਗ ਕਰਦੇ ਹਨ। ਇਸੇ ਏਕਤਾ ਲਈ ਸ਼ਹੀਦਾਂ ਅਤੇ ਅਕਾਲੀ ਲਹਿਰ ਦੇ ਜੋਧਿਆ ਨੇ ਕੁਰਬਾਨੀਆ ਕੀਤੀਆਂ। ਰਾਜਨੀਤੀ ਨਾਲ ਧਰਮ ਦੀ ਮਿਲਾਵਟ ਨੇ ਦੇਸ਼ ਅਤੇ ਸਿੱਖ ਫਿਰਕੇ ਲਈ ਤਬਾਹੀ ਮਚਾ ਦਿਤੀ ਹੈ।

## ਸਰਕਾਰ ਦੀ ਜ਼ੁਮੇਂਵਾਰੀ

ਸਰਕਾਰ ਵੀ ਇਹ ਸਥਿਤੀ ਪੈਦਾ ਕਰਨ ਦੀ ਜ਼ੁਮੇਂਵਾਰੀ ਤੋਂ ਨਹੀਂ ਬਚ ਸਕਦੀ। ਪਹਿਲਾਂ ਹੀ ਪਤਾ ਲੱਗ ਚੁਕਿਆ ਹੈ ਕਿ ਲਮਕਾਉਣ ਦੀ ਨੀਤੀ ਸਾਨੂੰ ਕਿਥੇ ਲੈ ਗਈ ਹੈ। ਸਰਕਾਰ ਵਲੋਂ ਅਪਣਾਏ ਪਰਸ਼ਾਸਨੀ ਕਦਮ ਸਥਿਤੀ ਆਮ ਵਰਗੀ ਨਹੀਂ ਬਣਾ ਸਕਦੇ, ਅਤੇ ਨਾ ਹੀ ਆਨੰਦਪੁਰ ਮਤੇ ਬਾਰੇ ਘੜੀ ਮੁੜੀ ਰੱਟ ਲਾਈ ਜਾਣਾ, ਜਦੋਂ ਅਕਾਲੀ ਆਪ ਵੱਖਵਾਦੀ ਨਾਅਰੇ ਦੀ ਨਿਖੇਧੀ ਕਰ ਰਹੇ ਹਨ ਅਤੇ ਦੇਸ ਦੀ ਏਕਤਾ ਵਿਚ ਵਿਸ਼ਵਾਸ ਪ੍ਰਗਟਾ ਰਹੇ ਹਨ। ਆਨੰਦਪੁਰ ਮਤੇ ਦਾ ਭਾਰੀ ਨਾਭ ਉਠਾਇਆ ਜਾ ਚੁਕਿਆ ਹੈ। ਹੁਣ ਲੋੜ ਇਸ ਗੱਲ ਦੀ ਹੈ ਕਿ ਅਕਾਲੀਆਂ ਤੋਂ ਵੱਖਵਾਦ ਅਤੇ ਅਤਿਵਾਦੀ ਦੀ ਨਿਖੇਧੀ ਦੇ ਆਧਾਰ ਤੇ ਉਨ੍ਹਾ ਨੂੰ ਸੱਦਾ ਦੇ ਕੇ ਪੰਜਾਬ ਦੇ ਮਸਲੇ ਦਾ ਰਾਜਸੀ ਹਲ ਤਲਾਸ਼ ਕੀਤਾ ਜਾਏ। ਮਰਹੂਮ ਪਰਧਾਨ ਮੰਤਰੀ, ਸ੍ਰੀਮਤੀ ਇੰਦਰਾ ਗਾਂਧੀ ਦੇ ਦੋ ਜੂਨ, 1984 ਦੇ ਬਿਆਨ ਵਿਚ ਇਸਦਾ ਆਧਾਰ ਮਿਲਦਾ ਹੈ। ਅੱਜ ਇਸ ਗੱਲ ਦੀ ਲੋੜ ਵੀ ਹੈ ਕਿ ਸਿੱਖ ਫਿਰਕੇ ਨੂੰ ਇਹ ਵਿਸ਼ਵਾਸ਼ ਦਿਵਾਇਆ ਜਾਏ ਕਿ ਇਹ ਦੇਸ਼ ਉਨ੍ਹਾਂ ਦਾ ਵੀ ਉਨ੍ਹਾਂ ਹੀ ਹੈ ਜਿੰਨਾ ਕਿ ਹੋਰ ਕਿਸੇ ਦਾ। ਸਿੱਖ ਅਤਿਵਾਦ ਦੇ ਟਾਕਰੇ ਲਈ ਕਈ ਇਕ ਕਾਂਗਰਸੀ ਨੇਤਾਵਾਂ ਵਲੋਂ ਦਿਤਾ ਮਹਾਂ ਪੰਜਾਬ ਦਾ ਨਵਾਂ ਨਾਅਰਾ ਮਸਲੇ ਵਿਚ ਹੋਰ ਉਲਝਣਾਂ ਪਾ ਸਕਦਾ ਹੈ, ਅਤੇ ਇਹਦੇ ਨਾਲ ਸਥਿਤੀ ਵਿਚ ਫਿਰਕੂ ਰੰਗਤ ਵਧੇਗੀ। ਦੇਸ਼ ਵਿਚ ਏਕਤਾ ਨੂੰ ਮਜਬੂਤ ਕਰਨ ਦੀ ਲੋੜ ਹੈ, ਅਤੇ ਧਰਮ ਦੇ ਨਾਂ ਤੇ ਵੰਡਵਾਦ ਵਖਵਾਦ ਦੀ ਹਰ ਪ੍ਰਕਾਰ ਦੀ ਅਪੀਲ ਦਾ ਡੱਟ ਕੇ ਮੁਕਾਬਲਾ ਕਰਨ ਦੀ ਲੋੜ ਹੈ, ਭਾਵੇਂ ਇਹ ਆਨੰਦਪੁਰ ਮਤੇ ਦੇ ਰੂਪ ਵਿਚ ਹੋਵੇ, ਭਾਵੇਂ ਹਿੰਦੂ ਫਿਰਕਾਪ੍ਰਸਤੀ ਜਾਂ ਇਸਲਾਮੀ ਰੂੜੀਵਾਦ ਦੇ ਰੂਪ ਵਿਚ। ●

# ਆਨੰਦਪੁਰ ਸਾਹਿਬ ਨੂੰ ਜ਼ਿਲਾ ਬਨਾਉਣ ਦਾ ਸੁਝਾਅ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ (ਆਈ) ਦੇ ਮੀਤ ਪ੍ਰਧਾਨ ਚੌਧਰੀ ਦਰਸ਼ਨ ਸਿੰਘ ਤੇ ਸੀਨੀਅਰ ਕਾਂਗਰਸੀ ਵਿਧਾਇਕ ਸ. ਜਗਦੇਵ ਸਿੰਘ ਜੱਸੋਵਾਲ

ਇਥੇ ਰਾਜਪਾਲ, ਪੰਜਾਬ ਸ੍ਰੀ ਕੇ. ਟੀ. ਸਤਾਰਵਾਲਾ ਨੂੰ ਮਿਲੇ ਅਤੇ ਮੰਗ ਕੀਤੀ ਕਿ ਪਿੰਡ ਹਨੂਰ, ਜਿਥੇ ਕਿ ਪੁਰਾਤੱਤਵ ਮਹੱਤਵ ਦੀਆਂ ਵਸਤਾਂ ਮਿਲੀਆਂ ਹਨ, ਨੂੰ ਸਮੂਹਕ ਪੇਂਡੂ ਵਿਕਾਸ ਸਕੀਮ ਹੇਠ ਲਿਆਂਦਾ ਜਾਵੇ ਅਤੇ ਭਾਰਤ ਸਰਕਾਰ ਦੇ ਪੁਰਾਤੱਤਵ ਵਿਭਾਗ ਨੂੰ ਪਿੰਡ 'ਚ ਖੁਦਾਈ ਕਰਨ ਲਈ ਕਿਹਾ ਜਾਵੇ। ਰਾਜਪਾਲ ਨੇ ਦੋਹਾਂ ਨੇਤਾਵਾਂ ਨੂੰ ਭਰੋਸਾ ਦਿਤਾ ਕਿ ਉਹ ਇਹ ਮਾਮਲਾ ਪੁਰਾਤੱਤਵ ਵਿਭਾਗ ਦੇ ਡਾਇਰੈਕਟਰ ਜਨਰਲ ਕੋਲ ਉਠਾਉਣਗੇ।

ਦੋਹਾਂ ਕਾਂਗਰਸੀ ਨੇਤਾਵਾਂ ਨੇ ਆਨੰਦਪੁਰ ਸਾਹਿਬ ਦੀ ਇਤਿਹਾਸਕ ਮਹੱਤਤਾ ਨੂੰ ਵੇਖਦਿਆਂ ਹੋਇਆਂ ਉਸ ਨਗਰ ਨੂੰ ਜ਼ਿਲਾ ਬਨਾਉਣ ਦੀ ਮੰਗ ਵੀ ਕੀਤੀ। ਰਾਜਪਾਲ ਨੇ ਇਸ ਮੰਗ 'ਤੇ ਵੀ ਗੌਰ ਕਰਨ ਦਾ ਭਰੋਸਾ ਦਿਵਾਇਆ।

ਦੋਹਾਂ ਨੇ ਥੀਨ ਡੈਮ ਪ੍ਰਾਜੇਕਟ ਨੂੰ ਜੰਗੀ ਪੱਧਰ 'ਤੇ ਉਸਾਰੇ ਜਾਣ ਦੀ ਮੰਗ ਵੀ ਕੀਤੀ।